# ਪਾਠ 3 ਵਾਕ-ਵਿਉਂਤ, ਅਖਾਣ ਤੇ ਮੁਹਾਵਰੇ

## ਪਾਠ ਦੀ ਰੂਪ-ਰੇਖਾ

3.0 ਮਨੋਰਥ
3.1 ਭੂਮਿਕਾ
3.2 ਵਾਕੀ ਕੀ ਹੈ?
3.3 ਵਾਕ ਦੇ ਮੁੱਖ ਹਿੱਸੇ
3.4 ਉਪਵਾਕ ਤੇ ਵਾਕੰਸ਼
3.4.1 ਉਪਵਾਕ
3.4.2 ਵਾਕਾਂਸ.

3.5 ਵਾਕ ਦੀ ਸ਼੍ਰੇਣੀ-ਵੰਡ

3.5.1 ਬਣਤਰ ਦੇ ਆਧਾਰ ਉਤੇ ਵਾਕ-ਵੰਡ
3.5.2 ਅਰਥਾਂ ਦੇ ਆਧਾਰ ਉਤੇ ਵਾਕ-ਵੰਡ

3.6 ਪੰਜਾਬੀ ਵਾਕ ਦੀ ਤਰਤੀਬ
3.6.1 ਕੁੱਝ ਤਕਨੀਕੀ ਸ਼ਬਦ
3.6.2 ਵਾਕ ਦੀ ਤਰਤੀਬ

3.7 ਅਖਾਣ ਤੇ ਮੁਹਾਵਰੇ

3.7.1 ਪੰਜਾਬੀ ਅਖਾਣ
3.7.2 ਪੰਜਾਬੀ ਮੁਹਾਵਰੇ

3.8 ਸਾਰ
3.9 ਸਹਾਇਕ ਪੁਸਤਕਾਂ
3.10 ਅਭਿਆਸਾਂ ਦੇ ਉੱਤਰ

## 3.0 ਮਨੋਰਥ

ਬੜੇ ਲੋਕਾਂ ਨੂੰ ਇਹ ਭਰਮ ਹੁੰਦਾ ਹੈ ਕਿ ਪੰਜਾਬੀ ਸਾਡੀ ਆਪਣੀ ਭਾਸ਼ਾ ਹੈ, ਇਸ ਲਈ ਇਸ ਨੂੰ ਉਚੇਚ ਨਾਲ ਸਿੱਖਣ ਦੀ ਕੀ ਲੋੜ ਹੈ? ਇਹ ਭਾਸ਼ਾ ਤਾਂ ਸਾਨੂੰ ਆਪਣੇ ਆਪ ਆ ਜਾਣੀ ਹੈ। ਪਰ ਲਿਖਣ ਵੇਲੇ ਉਨ੍ਹਾਂ ਪਾਸੋਂ ਦੋ ਚਜ ਦੇ ਵਾਕ ਵੀ ਨਹੀਂ ਲਿਖੇ ਜਾਂਦੇ। ਫੇਰ ਉਨ੍ਹਾਂ ਨੂੰ ਪਤਾ ਲਗਦਾ ਹੈ ਕਿ ਸਾਧਾਰਨ ਤੋਂ ਸਾਧਾਰਨ ਖਿਆਲ ਨੂੰ ਵੀ ਵਾਕਾਂ ਵਿੱਚ ਗੁੰਦਣਾ ਕਿੰਨਾ ਔਖਾ ਹੁੰਦਾ ਹੈ।

ਵਾਕ ਹੁੰਦਾ ਕੀ ਹੈ? ਵਾਕ-ਰਚਨਾ ਦੇ ਵੱਖ ਵੱਖ ਢੰਗ ਕਿਹੜੇ ਹਨ? ਅਖਾਣਾਂ ਤੇ ਮਹਾਵਰਿਆਂ ਵਿਚ ਕੀ ਫ਼ਰਕ ਹੁੰਦਾ ਹੈ? ਇਹ ਪਾਠ ਪੜ੍ਹਨ ਪਿੱਛੋਂ ਤੁਹਾਨੂੰ ਇਸ ਤਰ੍ਹਾਂ ਦੇ ਸਵਾਲਾਂ ਦੇ ਜਵਾਬ ਦੇਣ ਦਾ ਵਲ ਆ ਜਾਣਾ ਚਾਹੀਦਾ ਹੈ।

## 3.1 ਭੂਮਿਕਾ

ਸ਼ਬਦਾਂ ਬਾਰੇ ਤੁਸੀਂ ਪਿਛਲੇ ਪਾਠ ਵਿਚ ਕਾਫ਼ੀ ਕੁਝ ਪੜ੍ਹ ਆਏ ਹੋ। ਇਸ ਪਾਠ ਵਿਚ ਤੁਹਾਨੂੰ ਇਹ ਦਸਿਆ ਜਾਵੇਗਾ ਕਿ ਵਾਕ ਕਿਸ ਤਰ੍ਹਾਂ ਵਿਉਂਤੇ ਜਾਂਦੇ ਹਨ।

ਬੰਦਾ ਤਾਸ਼ ਖੇਡਣ ਲਗਿਆਂ ਯੱਕੇ ਦੀ ਥਾਂ ਦੁੱਕੀ ਤੇ ਦੁੱਕੀ ਦੀ ਥਾਂ ਯੱਕਾ ਵਰਤ ਸਕਦਾ ਹੈ ਪਰ ਸਿਆਣਾ ਖਿਡਾਰੀ ਇੰਜ ਨਹੀਂ ਕਰਦਾ। ਤਾਸ਼ ਦੀ ਖੇਡ ਵਾਂਗ ਸ਼ਬਦਾਂ ਦੀ ਵਰਤੋਂ ਵਿਚ ਵੀ ਝੱਲਪੁਣਾ ਨਹੀਂ ਝੱਲਿਆ ਜਾ ਸਕਦਾ। ਵਾਕ-ਵਿਉਂਤ ਦੇ ਕੁੱਝ ਅਸੂਲ ਬੱਝੇ ਹੋਏ ਹਨ. ਇਨ੍ਹਾਂ ਦਾ ਸਮਝਣਾ ਜ਼ਰੂਰੀ ਹੈ। ਸਾਡੇ ਇਸ ਪਾਠ ਨੂੰ ਉਪਯੋਗੀ ਬਣਾਉਣ ਲਈ ਇਸ ਦੇ ਜਿਹੜੇ ਅੱਗੇ ਦਿੱਤੇ ਭਾਗ ਬਣਾਏ ਹਨ. ਆਸ ਹੈ ਇਨ੍ਹਾਂ ਦੇ ਪਾਠ ਉਪਰੰਤ ਤੁਹਾਨੂੰ ਵਾਕ-ਵਿਉਂਤ ਦੀ ਖ਼ਾਸੀ ਸੋਝੀ ਹੋ ਜਾਏਗੀ।

## 3.2 ਵਾਕ ਕੀ ਹੈ?

ਪਿਛਲੇ ਪਾਠਾਂ ਵਿਚ ਅਸਾਂ ਵੇਖਿਆ ਹੈ ਕਿ ਭਾਸ਼ਾ ਦੀ ਛੋਟੀ-ਤੋਂ-ਛੋਟੀ ਇਕਾਈ ਧੁਨੀ ਹੈ, ਪਰ ਧੁਨੀ ਦੇ ਅਰਥ ਨਹੀਂ ਹੁੰਦੇ। ਉਸ ਤੋਂ ਵੱਡੀਆਂ ਇਕਾਈਆਂ ਸ਼ਬਦ ਤੇ ਅਗੇਤਰ, ਪਿਛੇਤਰ ਹੁੰਦੇ ਹਨ, ਜਿਨ੍ਹਾਂ ਦੇ ਕੋਈ ਅਰਥ ਹੁੰਦੇ ਹਨ ਅਤੇ ਇਹ ਇਕਹਿਰੀਆਂ ਇਕਾਈਆਂ ਹੁੰਦੀਆਂ ਹਨ। ਇਨ੍ਹਾਂ ਤੋਂ ਵੱਡੀ ਭਾਸ਼ਈ ਇਕਾਈ 'ਵਾਕ' ਹੈ, ਜੋ ਸਾਰਥਕ ਹੁੰਦੀ ਹੈ, ਅਤੇ ਇਕਹਿਰੀ ਨਹੀਂ, ਗੰਢਵੀਂ ਇਕਾਈ ਹੁੰਦੀ ਹੈ। ਵੱਖ-ਵੱਖ ਭਾਸ਼ਾਵਾਂ ਦੀ ਵਾਕ-ਬਣਤਰ ਚੋਖੇ ਫਰਕ ਵਾਲੀ ਹੁੰਦੀ ਹੈ, ਇਸ ਲਈ ਵਿਆਕਰਨਕਾਰ ਵਾਕ-ਵਿਆਖਿਆ ਦੀ ਕੋਈ ਤਸੱਲੀਬਖਸ਼ ਵਿਧੀ ਲੱਭਣ ਵਿਚ ਸਫਲ ਨਹੀਂ ਹੋਏ। ਵਾਕ-ਵਿਸ਼ੇਸ਼ਣ ਦੀਆਂ ਕਈ ਥਿਊਰੀਆਂ ਪੇਸ਼ ਕੀਤੀਆਂ ਗਈਆਂ ਹਨ, ਪਰ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਪ੍ਰਮਾਣਿਕ ਥਿਊਰੀ ਨਹੀਂ ਮੰਨਿਆ ਗਿਆ। ਇਥੋਂ ਤਕ ਕਿ ਵਾਕ ਦੀ ਕੋਈ ਸਰਬਪ੍ਰਮਾਣਿਤ ਪਰਿਭਾਸ਼ਾ ਅਜੇ ਤਕ ਸਿਰਜੀ ਹੀ ਨਹੀਂ ਜਾ ਸਕੀ। ਅਸੀਂ ਇਨ੍ਹਾਂ ਥਿਊਰੀਆਂ ਤੇ ਪਰਿਭਾਸ਼ਾਵਾਂ ਦੇ ਵਿਸਤਾਰ ਵਿਚ ਨਹੀਂ ਉਲਝਣਾ ਚਾਹੁੰਦੇ। ਅੱਗੇ ਦਿੱਤੀ ਗਈ ਵਿਆਖਿਆ ਵਿਦਿਆਰਥੀਆਂ ਦੀ ਲੋੜ ਅਨੁਸਾਰ ਚੁਣੀ ਤੇ ਗੌਲੀ ਗਈ ਹੈ।

ਪਰਿਭਾਸ਼ਾ : ਵਿਆਕਰਨਿਕ ਵਿਸ਼ੇਸ਼ਣ ਦੇ ਪੱਖ ਤੋਂ ਭਾਸ਼ਾ ਦੀ ਸਭ ਤੋਂ ਵੱਡੀ ਸਾਰਥਿਕ ਇਕਾਈ ਨੂੰ ਵਾਕ ਕਿਹਾ ਜਾਂਦਾ ਹੈ।

ਵਾਕ ਦੀਆਂ ਕਈ ਪਰਿਭਾਸ਼ਾਵਾਂ ਦਿੱਤੀਆਂ ਜਾਂਦੀਆਂ ਹਨ, ਪਰ ਆਧੁਨਿਕ ਭਾਸ਼ਾ-ਵਿਗਿਆਨੀ ਉਪਰੋਕਤ ਪਰਿਭਾਸ਼ਾ ਨੂੰ ਵਧੇਰੇ ਤਸੱਲੀਬਖਸ਼ ਮੰਨਦੇ ਹਨ। ਭਾਵੇਂ ਇਹ ਪਰਿਭਾਸ਼ਾ ਸਰਬਪ੍ਰਵਾਨਿਤ ਨਹੀਂ ਕਹੀ ਜਾ ਸਕਦੀ, ਪਰ ਹੋਰਨਾਂ ਪਰਿਭਾਸ਼ਾਵਾਂ ਵਿਚ ਕਈ ਨੁਕਸ ਹਨ, ਇਸ ਲਈ ਅਸੀਂ ਏਹੋ ਪਰਿਭਾਸ਼ਾ ਸਵੀਕਾਰ ਕਰਾਂਗੇ।

ਇਸ ਪਰਿਭਾਸ਼ਾ ਵਿਚ ਆਏ ਕੁੱਝ ਸ਼ਬਦਾਂ ਦਾ ਖਾਸ ਧਿਆਨ ਰੱਖਣ ਦੀ ਲੋੜ ਹੈ। ਵਾਕ ਸਭ ਤੋ ਵੱਡੀ ਭਾਸ਼ਈ ਇਕਾਈ ਹੈ, ਇਸ ਲਈ ਇਹ ਇਕਹਿਰੀ ਇਕਾਈ ਨਹੀਂ ਹੋ ਸਕਦੀ, ਗੰਢਵੀਂ ਇਕਾਈ ਹੁੰਦੀ ਹੈ। ਇਸ ਵਿਚ ਕੋਈ ਹੋਰ ਇਕਾਈਆਂ ਆਉਣੀਆਂ ਜ਼ਰੂਰੀ ਹਨ। ਵਾਕ ਦਾ ਸਾਰਥਿਕ ਹੋਣਾ ਜ਼ਰੂਰੀ ਹੈ, ਨਿਰਾਰਥਿਕ ਸ਼ਬਦ-ਸਮੂਹ ਨੂੰ ਵਾਕ ਨਹੀਂ ਕਹਿ ਸਕਦੇ। ਵਾਕ ਨੂੰ 'ਸਭ ਤੋਂ ਵੱਡੀ' ਇਕਾਈ ਮੰਨਿਆ ਹੈ, ਪਰ ਇਸ ਦੀ ਕੋਈ ਲਮਾਈ ਨਿਸ਼ਚਿਤ ਨਹੀਂ ਕੀਤੀ ਗਈ ਇਸ ਬਾਰੇ ਹੇਠਾਂ ਵਿਚਾਰ ਕੀਤੀ ਗਈ ਹੈ। ਵਾਕ ਨੂੰ ਅਸਾਂ ਇਕ ਵਿਆਕਰਨਿਕ ਇਕਾਈ ਮੰਨਿਆ ਹੈ। ਅਰਥਾਤ ਵਾਕ ਉਹ ਇਕਾਈ ਹੈ ਜਿਸ ਦਾ ਵਿਸ਼ਲੇਸ਼ਣ 'ਵਿਆਕਰਨ' ਦੇ ਪੱਖ ਤੋਂ ਕੀਤਾ ਜਾ ਸਕੇ। ਇਸ ਆਧਾਰ ਉੱਤੇ ਪੈਰਾਗ੍ਰਾਫ਼ ਵਾਕ ਨਹੀਂ ਹੋ ਸਕਦਾ, ਭਾਵੇਂ ਇਹ ਵੀ ਭਾਸ਼ਾ ਦੀ ਵੱਡੀ ਇਕਾਈ ਹੈ। ਕਾਰਨ ਇਹ ਹੈ ਕਿ ਪੈਰਾਗ੍ਰਾਫ ਵਿਆਕਰਨਿਕ ਇਕਾਈ ਨਹੀਂ, ਸਟਾਈਲ ਅਥਵਾ ਸ਼ੈਲੀ ਦੀ ਇਕਾਈ ਹੈ।

ਵਾਕ ਦੀ ਕੋਈ ਲੰਮਾਈ ਨਿਸਚਿਤ ਨਹੀਂ ਕੀਤੀ ਜਾ ਸਕਦੀ। ਹੇਠ-ਲਿਖੇ ਵਾਕ ਵਿਚਾਰੇ ਜਾਣ :

ਮੁੰਡਾ ਕਿਤਾਬ ਲੈ ਗਿਆ ਹੈ।
ਮੁੰਡਾ ਤੁਹਾਡੀ ਕਿਤਾਬ ਲੈ ਗਿਆ ਹੈ।
ਨੀਲੀ ਪੱਗ ਵਾਲਾ ਮੁੰਡਾ, ਜਿਹੜਾ ਪਰਸੋਂ ਤੁਹਾਨੂੰ ਮਿਲਣ ਆਇਆ ਸੀ, ਤੁਹਾਡੀ ਕਿਤਾਬ ਲੈ ਗਿਆ ਹੈ।
ਨੀਲੀ ਪੱਗ ਵਾਲਾ ਮੁੰਡਾ, ਜਿਹੜਾ ਪਰਸੋਂ ਤੁਹਾਨੂੰ ਮਿਲਣ ਆਇਆ ਸੀ, ਤੁਹਾਡੀ ਉਹ ਕਿਤਾਬ ਮੈਥੋਂ ਲੈ ਗਿਆ ਹੈ, ਜਿਹੜੀ ਤੁਸਾਂ ਮੈਨੂੰ ਪੜ੍ਹਨ ਲਈ ਦਿੱਤੀ ਸੀ।

ਇਸ ਵਾਕ ਨੂੰ ਹੋਰ ਵੀ ਲੰਮਾ ਕੀਤਾ ਜਾ ਸਕਦਾ ਹੈ। ਸੋ ਵਾਕ ਕਾਫ਼ੀ ਲੰਮਾ ਹੋ ਸਕਦਾ ਹੈ, ਪਰ ਬਹੁਤ ਲੰਮੇ ਵਾਕ ਬੋਲਣ ਜਾਂ ਲਿਖਣ ਨਾਲ ਭਾਸ਼ਾ ਕੁਢੱਬੀ ਬਣ ਜਾਂਦੀ ਹੈ ਤੇ ਉਸ ਨੂੰ ਸਮਝਣਾ ਔਖਾ ਹੋ ਜਾਂਦਾ ਹੈ। ਇਸ ਲਈ ਭਾਸ਼ਾਵਾਂ ਵਿਚ, ਖਾਸ ਕਰ ਪੰਜਾਬੀ ਵਿਚ, ਬਹੁਤ ਲੰਮੇ ਵਾਕ ਘੱਟ ਵਰਤੇ ਜਾਂਦੇ ਹਨ।

ਛੋਟੇ-ਤੋਂ-ਛੋਟੇ ਵਾਕ ਸਿਰਫ਼ ਇਕ ਸ਼ਬਦ ਦੇ ਵੀ ਹੋ ਸਕਦੇ ਹਨ। ਅਜਿਹੇ ਵਾਕ ਆਗਿਆ ਬੋਧਕ ਹੁੰਦੇ ਹਨ, ਜਿਵੇਂ 'ਜਾ',, ਜਾਂ ਸਵਾਲਾਂ ਦੇ ਉੱਤਰ ਹੁੰਦੇ ਹਨ :

"ਤੂੰ ਕਦੋਂ ਜਾਵੇਂਗਾ?"
"ਪਰਸੋਂ।"

ਇਹ 'ਜਾ' ਤੇ 'ਪਰਸੋਂ' ਵਾਕ ਮੰਨੇ ਜਾਂਦੇ ਹਨ, ਪਰ ਵਿਆਕਰਣ ਦੇ ਪੱਖ ਤੋਂ ਇਹ 'ਪੂਰਨ ਵਾਕ' ਨਹੀਂ, 'ਅਧੂਰੇ ਵਾਕ' ਹਨ, ਜੋ ਕਿਸੇ ਪੂਰਨ ਵਾਕ ਦੇ ਸੰਖਿਪਤ ਰੂਪ ਵਜੋਂ ਬੋਲੇ ਗਏ ਹਨ। 'ਜਾ' ਦਾ ਪੂਰਨ ਵਾਕ ਹੈ "ਤੂੰ ਜਾ" ਅਤੇ 'ਪਰਸੋਂ' ਦਾ ਪੂਰਾ ਰੂਪ ਹੈ, 'ਮੈਂ ਪਰਸੋਂ ਜਾਵਾਂਗਾ।"

ਵੱਖ-ਵੱਖ ਭਾਸ਼ਾਵਾਂ ਵਿਚ ਵਾਕ ਦੇ ਰੂਪ ਤੇ ਉਸ ਦੀ ਬਣਤਰ ਬਾਰੇ ਵੱਖ-ਵੱਖ ਮਾਨਤਾਵਾਂ ਤੇ ਸਿੱਧਾਂਤ ਹਨ। ਪੰਜਾਬੀ, ਹਿੰਦੀ, ਅੰਗਰੇਜ਼ੀ ਦੇ ਪੂਰਨ ਵਾਕ ਵਿਚ ਇੱਕ ਨਾਂਵ (ਜਾਂ ਪੜਨਾਂਵ) ਤੇ ਇਕ ਕਿਰਿਆ ਦਾ ਹੋਣਾ ਜ਼ਰੂਰੀ ਹੈ। 'ਸਤਿੰਦਰ ਜਾਵੇਗਾ', 'ਕੋਠਾ ਡਿਗ ਪਿਆ', 'ਮੁੰਡਾ ਰੋਂਦਾ ਹੈ', 'ਮੈਂ ਆਵਾਂਗਾ' ਆਦਿ ਅਜਿਹੇ ਵਾਕਾਂ ਦੇ ਕੁੱਝ ਨਮੂਨੇ ਹਨ।

## 3.3 ਵਾਕ ਦੇ ਮੁੱਖ ਹਿੱਸੇ

ਵਾਕ ਦੇ ਮੁੱਖ ਹਿੱਸੇ ਦੋ ਹੁੰਦੇ ਹਨ। ਇਕ ਉਹ ਜਿਸ ਬਾਰੇ ਕੁੱਝ ਕਿਹਾ ਗਿਆ ਹੋਵੇ। ਇਸ ਨੂੰ ਵਿਆਕਰਣ ਵਿਚ ਉਦੇਸ਼ ਕਹਿੰਦੇ ਹਨ। 'ਸਤਿੰਦਰ ਜਾਵੇਗਾ', 'ਕੋਠਾ ਡਿਗ ਪਿਆ' 'ਮੈਂ ਆਵਾਂਗਾ' ਵਿਚ 'ਸਤਿੰਦਰ', 'ਕੋਠਾ', 'ਮੈਂ' ਉਦੇਸ਼ ਹਨ।

ਜੋ ਕੁੱਝ 'ਉਦੇਸ਼' ਬਾਰੇ ਕਿਹਾ ਜਾਵੇ, ਉਹ **ਵਿਧੇਅ** ਕਹਾਉਂਦਾ ਹੈ। 'ਜਾਵੇਗਾ', 'ਡਿਗ ਪਿਆ', 'ਆਵਾਂਗਾ', 'ਵਿਧੇਅ' ਹਨ। ਪਰ ਇਹ 'ਉਦੇਸ਼' ਤੇ ਵਿਧੇਅ ਦੇ ਛੋਟੇ-ਤੋਂ-ਛੋਟੇ ਉਦਾਹਰਨ ਹਨ 'ਉਦੇਸ਼', 'ਵਿਧੇਅ' ਦੋਵੇਂ ਕਾਫੀ ਲੰਮੇ ਵੀ ਹੋ ਸਕਦੇ ਹਨ। ਹੇਠਾਂ ਕੁਝ ਵਾਕਾਂ ਦੇ 'ਉਦੇਸ਼' ਤੇ 'ਵਿਧੇਅ' ਵੱਖ-ਵੱਖ ਕਰ ਕੇ ਵਿਖਾਏ ਗਏ ਹਨ :

| **ਉੱਦੇਸ਼** | **ਵਿਧੇਅ** |
|---|---|
| ਤਹਾਡਾ ਭਰਾ | ਕੱਲ੍ਹ ਮੈਨੂੰ ਮਿਲਿਆ ਸੀ। |
| ਨੀਲੀ ਪੱਗ ਵਾਲਾ ਮੁੰਡਾ | ਤੁਹਾਡੀ ਕਿਤਾਬ ਮੈਥੋਂ ਲੈ ਗਿਆ ਹੈ। |
| ਇਸ ਪਿੰਡ ਦੇ ਸਾਰੇ ਲੋਕ | ਅੱਜ ਮੇਲਾ ਵੇਖਣ ਗਏ ਹੋਏ ਹਨ। |
| ਸਾਡੀ ਜਮਾਤ ਦੇ ਦੋਂਹ ਮੁੰਡਿਆਂ ਨੂੰ | ਇਨਾਮ ਮਿਲੇ। |

**ਪਹਿਲਾ ਅਭਿਆਸ**

**ਨੋਟ :** ਹੇਠ ਲਿਖੇ ਸਵਾਲਾਂ ਦੇ ਸੰਖੇਪ ਉੱਤਰ ਦਿਓ। ਉੱਤਰ ਖਾਲੀ ਛਡੀਆਂ ਥਾਵਾਂ ਉੱਤੇ ਦੇਣੇ ਹਨ। ਸਵਾਲਾਂ ਦੇ ਜਵਾਬ ਅਖ਼ੀਰ ਵਿਚ ਦਿੱਤੇ ਹੋਏ ਹਨ ਪਰ ਤੁਸੀ ਜਵਾਬ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਨਹੀ ਵੇਖਣਾ।

1 ਵਾਕ ਕਿਸ ਨੂੰ ਕਹਿੰਦੇ ਹਨ ?

------------------------------------------------------------

------------------------------------------------------------

------------------------------------------------------------

2 ਹੇਠ-ਲਿਖੇ ਵਾਕਾਂ ਵਿਚੋਂ ਉੱਦੇਸ਼ ਤੇ ਵਿਧੇਅ ਵੱਖ-ਵੱਖ ਕਰੋ :
ਸਾਡੇ ਸਕੂਲ ਦੀ ਟੀਮ ਮੈਚ ਜਿੱਤ ਗਈ।
ਲੋਕ ਘਰਾਂ ਦੀਆਂ ਛੱਤਾਂ ਤੇ ਚੜ੍ਹ ਗਏ।
ਗ੍ਰਾਉਂਡ ਵਿਚ ਖੜੇ ਵਿਦਿਆਰਥੀ ਮੀਂਹ ਨਾਲ ਭਿੱਜ ਗਏ।

------------------------------------------------------------

------------------------------------------------------------

------------------------------------------------------------

------------------------------------------------------------

## 3.4 ਉਪਵਾਕ ਤੇ ਵਾਕਾਂਸ਼

ਵਿਆਕਰਨਿਕ ਵਿਸ਼ਲੇਸ਼ਣ ਦੇ ਪੱਖ ਤੋਂ ਅਸਾਂ ਵਾਕ ਨੂੰ ਭਾਸ਼ਾ ਦੀ ਵੱਡੀ-ਤੋਂ-ਵੱਡੀ ਇਕਾਈ ਮੰਨਿਆ ਹੈ। ਛੋਟੀਆਂ ਸਾਰਥਕ ਇਕਾਈਆਂ ਸ਼ਬਦ ਅਗੇਤਰ ਤੇ ਪਿਛੇਤਰ ਹਨ। ਵਾਕ ਤੇ ਸ਼ਬਦ ਦੇ ਵਿਚਾਲੇ ਭਾਸ਼ਾ ਦੀਆਂ ਦੋ ਹੋਰ ਸਾਰਥਕ ਇਕਾਈਆਂ ਹਨ, ਜਿਨ੍ਹਾਂ ਨੂੰ ਉਪਵਾਕ ਤੇ ਵਾਕਾਂਸ਼ ਕਿਹਾ ਜਾਂਦਾ ਹੈ। ਇਹ ਵਾਕ ਦੇ ਹਿੱਸੇ ਹੁੰਦੇ ਹਨ, ਸੁਤੰਤਰ ਵਾਕ ਨਹੀਂ ਹੁੰਦੇ, ਪਰ ਇਹ ਬੜੀਆਂ ਮਹੱਤਵਪੂਰਨ ਭਾਸ਼ਾਈ ਇਕਾਈਆਂ ਹਨ। ਅੱਗੇ ਇਨ੍ਹਾਂ ਬਾਰੇ ਸੰਖਿਪਤ ਜਾਣਕਾਰੀ ਕਰਵਾਈ ਗਈ ਹੈ।

### 3.4.1 ਉਪਵਾਕ

ਉਪਵਾਕ ਵਾਕ ਦਾ ਉਹ ਹਿੱਸਾ ਹੈ ਜੋ ਖ਼ੁਦ ਵਾਕ ਵਰਗਾ ਹੁੰਦਾ ਹੈ। ਜੇ ਵਾਕ ਨੂੰ ਤੋੜ ਕੇ ਇਸ ਦੇ ਹਿੱਸੇ ਵੱਖ-ਵੱਖ ਕਰਕੇ ਲਿਖੇ ਜਾਣ ਤਾਂ ਇਹ ਸੁਤੰਤਰ ਵਾਕ ਬਣ ਜਾਂਦੇ ਹਨ। 'ਕੱਲ੍ਹ' ਸਾਰਾ ਦਿਨ ਮੀਂਹ ਵਰ੍ਹਦਾ ਰਿਹਾ, ਇਸ ਲਈ ਮੈਂ ਕਾਲਜ ਨਾ ਜਾ ਸਕਿਆ। 'ਇਸ ਵਾਕ ਦੇ ਸਪਸ਼ਟ ਹੀ ਦੋ ਹਿੱਸੇ ਹਨ : 'ਕੱਲ੍ਹ ਸਾਰਾ ਦਿਨ ਮੀਂਹ ਵਰ੍ਹਦਾ ਰਿਹਾ' ਅਤੇ 'ਮੈਂ ਕਾਲਜ ਨਾ ਜਾ ਸਕਿਆ।' 'ਇਸ ਲਈ ' ਇਨ੍ਹਾਂ ਦੋਂਹ ਹਿੱਸਿਆਂ ਨੂੰ ਜੋੜਨ ਵਾਲਾ ਅੰਸ਼ ਹੈ। ਇਹ ਦੋਵੇਂ ਹਿੱਸੇ ਉਪਰੋਕਤ ਵਾਕ (ਕਲ੍ਹ ਸਾਰਾ ਦਿਨ ਮੀਂਹ ਵਰ੍ਹਦਾ ਰਿਹਾ, ਇਸ ਲਈ ਮੈਂ ਕਾਲਜ ਨਾ ਜਾ ਸਕਿਆ) ਦੇ **ਉਪਵਾਕ** ਹਨ; ਕਿਉਂਕਿ ਇਹ ਵਾਕ ਵਰਗੀਆਂ–ਭਾਸ਼ਾਈ ਇਕਾਈਆਂ ਹਨ ਅਥਵਾ ਇਨ੍ਹਾਂ ਨੂੰ ਵੱਖ ਕਰਕੇ ਸੁਤੰਤਰ ਵਾਕ ਬਣਾਏ ਜਾ ਸਕਦੇ ਹਨ।

ਕੁੱਝ ਹਾਲਤਾਂ ਵਿਚ ਉਪਵਾਕ ਏਨੇ ਸਪਸ਼ਟ ਨਹੀ ਹੁੰਦੇ। 'ਜਿਹੜੀ ਕਿਤਾਬ ਤੁਸਾਂ ਮੈਨੂੰ ਦਿੱਤੀ ਸੀ, ਮੈਂ ਪੜ੍ਹ ਲਈ ਹੈ', ਵਾਕ ਦਾ ਪਹਿਲਾ ਉਪਵਾਕ (ਕਿਤਾਬ ਤੁਸਾਂ ਮੈਨੂੰ ਦਿੱਤੀ ਸੀ) ਤਾਂ ਸਪਸ਼ਟ ਹੈ, ਪਰ ਦੂਜਾ ਉਪਵਾਕ (ਮੈਂ ਪੜ੍ਹ ਲਈ ਹੈ) ਪੂਰਾ ਉਪਵਾਕ ਨਹੀਂ ਜਾਪਦਾ, ਕਿਉਂਕਿ ਇਸ ਤੋਂ ਇਹ ਪਤਾ ਤਾਂ ਨਹੀਂ ਲਗਦਾ ਕਿ 'ਕੀ ਪੜ੍ਹ ਲਈ ਹੈ।' ਪੂਰਾ ਉਪਵਾਕ ਹੋਵੇਗਾ, 'ਮੈਂ ਉਹ ਕਿਤਾਬ ਪੜ੍ਹ ਲਈ ਹੈ।' ਪਰ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਕਿਸੇ ਵਾਕ ਦੇ ਸਾਰੇ ਉਪਵਾਕ ਉਸੇ ਰੂਪ ਵਿਚ ਸੁਤੰਤਰ ਵਾਕ ਨਹੀਂ ਬਣ ਸਕਦੇ; ਹਾਂ ਦਿੱਤੀ ਹੋਈ ਸਥਿਤੀ ਵਿਚ, ਉਪਵਾਕ ਦੇ ਰੂਪ ਵਿਚ ਉਨ੍ਹਾਂ ਦੇ ਅਰਥ ਸਪਸ਼ਟ ਹੁੰਦੇ ਹਨ। ਉਪਰੋਕਤ ਵਾਕ (ਜਿਹੜੀ ਕਿਤਾਬ ਤੁਸਾਂ ਮੈਨੂੰ ਦਿੱਤੀ ਸੀ, ਮੈਂ ਪੜ੍ਹ ਲਈ ਹੈ) ਦੇ ਅਰਥ ਸਮਝਣ ਵਿਚ ਕੋਈ ਦਿੱਕਤ ਨਹੀ ਹੁੰਦੀ। ਪਰ ਜੇ ਇਸ ਦੇ ਉਪਵਾਕ ਵੱਖ-ਵੱਖ ਕੀਤੇ ਜਾਣ ਤਾਂ ਕਿਸੇ ਥਾਂ ਕੁੱਝ ਜੋੜਨ ਦੀ ਲੋੜ ਪਵੇਗੀ।

ਉਪਵਾਕ ਦੇ ਦੋ ਲੱਛਣ ਯਾਦ ਰੱਖਣ ਵਾਲੇ ਹਨ। ਇਹ ਵਾਕ ਵਰਗੀ ਇਕਾਈ ਹੁੰਦੀ ਹੈ, ਅਤੇ ਇਸ ਵਿਚ 'ਉਦੇਸ਼' ਤੇ 'ਵਿਧੇਅ' ਦੋਵੇਂ ਮੌਜੂਦ ਹੁੰਦੇ ਹਨ।

### 3.4.2 ਵਾਕਾਂਸ਼

ਵਾਕਾਂਸ਼ ਸ਼ਬਦਾਂ ਦੇ ਅਜਿਹੇ ਸਮੂਹ ਨੂੰ ਕਿਹਾ ਜਾਂਦਾ ਹੈ ਜੋ ਵਾਕ ਨਹੀਂ, ਸਗੋਂ ਵਾਕ ਦਾ ਹਿੱਸਾ ਹੋਵੇ, ਪਰ ਇਸ ਦੇ ਸਪਸ਼ਟ ਅਰਥ ਨਿਕਲਦੇ ਹੋਣ। 'ਸਾਡੇ ਸਕੂਲ ਦੀ ਹਾਕੀ ਟੀਮ, ਕਈ ਟੂਰਨਾਮੈਂਟ ਜਿੱਤ ਚੁੱਕੀ ਹੈ' ਵਾਕ ਵਿਚ ਦੋ ਵਾਕਾਂਸ਼ ਹਨ–'ਸਾਡੇ ਸਕੂਲ ਦੀ ਹਾਕੀ ਟੀਮ', ਅਤੇ 'ਕਈ ਟੂਰਨਾਮੈਂਟ'। ਨੋਟ ਕੀਤਾ ਜਾਵੇ ਕਿ 'ਸਾਡੇ ਸਕੂਲ ਦੀ ਹਾਕੀ ਟੀਮ' ਉਪਵਾਕ ਨਹੀਂ ਹੋ ਸਕਦਾ, ਕਿਉਂਕਿ ਇਹ ਸਿਰਫ਼ 'ਉਦੇਸ਼' ਹੈ, ਇਸ ਵਿਚ 'ਵਿਧੇਅ' ਨਹੀਂ ਆਇਆ। ਉਪਵਾਕ ਵਿਚ 'ਉੱਦੇਸ਼' ਤੇ 'ਵਿਧੇਅ' ਦੋਵੇਂ ਹੁੰਦੇ ਹਨ। ਫੇਰ, ਇਸ ਵਿਚ ਕੋਈ ਕਿਰਿਆ ਨਹੀਂ। ਉਪਵਾਕ ਵਿਚ ਕਿਰਿਆ ਅਵੱਸ਼ ਹੁੰਦੀ ਹੈ। ਪਰ ਇਹ ਸਾਰਥਕ ਸ਼ਬਦ-ਸਮੂਹ ਹੈ–ਇਸ ਦੇ ਅਰਥ ਸਪਸ਼ਟ ਹਨ, ਇਸ ਲਈ ਇਹ **ਵਾਕਾਂਸ਼** ਹੈ। ਯਾਦ ਰਹੇ ਇਕ ਵਾਕਾਂਸ਼ ਵਿਚ ਦੂਜਾ ਵਾਕਾਂਸ਼ ਵੀ ਆ ਸਕਦਾ ਹੈ। ਇਸ ਵਾਕਾਂਸ਼ ਵਿਚ 'ਹਾਕੀ ਟੀਮ' ਵੀ ਵਾਕਾਂਸ਼ ਹੈ, ਅਤੇ ਸਕੂਲ ਦੀ ਹਾਕੀ ਟੀਮ' ਵੀ ਕਿਉਂਕਿ ਇਨ੍ਹਾਂ ਦੇ ਅਰਥ ਸਪਸ਼ਟ ਹਨ।

ਵਾਕਾਂਸ਼ ਸ਼ਬਦਾਂ ਵਰਗੀ ਭਾਸ਼ਾਈ ਇਕਾਈ ਹੁੰਦੀ ਹੈ। ਸਾਰੇ ਵਾਕਾਂਸ਼ ਦੀ ਥਾਂ ਇਕ ਸ਼ਬਦ ਰੱਖ ਦੇਈਏ ਤਾਂ ਵੀ ਵਾਕ ਪੂਰਾ ਹੋ ਜਾਂਦਾ ਹੈ। ਉਪਰੋਕਤ ਵਾਕਾਂਸ਼ ਦੀ ਥਾਂ ਜੇ ਇਕ ਸ਼ਬਦ 'ਟੀਮ' ਰੱਖ ਦੇਈਏ, ਤਾਂ ਵੀ ਵਾਕ ਮੁਕੰਮਲ ਹੋ ਜਾਂਦਾ ਹੈ–'ਟੀਮ ਕਈ ਟੂਰਨਾਮੈਂਟ ਜਿੱਤ ਚੁੱਕੀ ਹੈ।' 'ਇਸ ਪਿੰਡ ਦੇ ਸਾਰੇ ਲੋਕ ਅੱਜ ਮੇਲਾ ਵੇਖਣ ਗਏ ਹਨ' ਵਿਚ 'ਇਸ ਪਿੰਡ ਦੇ ਸਾਰੇ ਲੋਕ' ਵਾਕਾਂਸ਼ ਹੈ। ਇਸ ਸਾਰੇ ਵਾਕਾਂਸ਼ ਦੀ ਥਾਂ ਕੋਈ ਇਕ ਸ਼ਬਦ ਰੱਖ ਕੇ ਵੀ ਵਾਕ ਪੂਰਾ ਹੋ ਸਕਦਾ ਹੈ 'ਲੋਕ ਮੇਲਾ ਵੇਖਣ ਗਏ ਹਨ', 'ਮੁੰਡੇ ਮੇਲਾ ਵੇਖਣ ਗਏ ਹਨ', 'ਉਹ ਮੇਲਾ ਵੇਖਣ ਗਏ ਹਨ' ਆਦਿ ਕੁੱਝ ਉਦਾਹਰਣ ਹਨ।

ਹਰ ਸ਼ਬਦ-ਸਮੂਹ ਵਾਕਾਂਸ਼ ਨਹੀ ਹੁੰਦਾ। ਕਿਸੇ ਸ਼ਬਦ-ਸਮੂਹ ਨੂੰ ਵਾਕਾਂਸ਼ ਤਾਂ ਹੀ ਮੰਨ ਸਕਦੇ ਹਾਂ, ਜੇ ਉਹ ਸਾਰਥਕ ਹੋਵੇ, ਮੁਕੰਮਲ ਹੋਵੇ ਅਤੇ ਸੰਬੰਧਿਤ ਭਾਸ਼ਾ ਦੇ ਨਿਯਮਾਂ ਅਨੁਸਾਰ ਹੋਵੇ। 'ਇਸ ਪਿੰਡ ਦੇ ਸਾਰੇ ਲੋਕ' ਵਾਕਾਂਸ਼ ਹੈ। 'ਸਾਰੇ ਲੋਕ', 'ਪਿੰਡ ਦੇ ਸਾਰੇ ਲੋਕ', ਵੀ ਵਾਕਾਂਸ਼ ਹਨ। ਪਰ 'ਪਿੰਡ ਦੇ ਸਾਰੇ', 'ਦੇ ਸਾਰੇ ਲੋਕ' 'ਇਸ ਪਿੰਡ ਦੇ ਸਾਰੇ' ਵਾਕਾਂਸ਼ ਨਹੀਂ, ਕਿਉਂਕਿ ਇਹ ਮੁਕੰਮਲ ਨਹੀਂ ਅਤੇ ਸਪਸ਼ਟ ਅਰਥ ਨਹੀਂ ਦਰਸਾਉਂਦੇ।

ਉਪਵਾਕ ਤੇ ਵਾਕਾਂਸ਼ ਵਿਚ ਦੋ ਮੁੱਖ ਅੰਤਰ ਹਨ। ਪਹਿਲਾ, ਉਪਵਾਕ ਵਾਕ ਵਰਗੀ ਭਾਸ਼ਾਈ ਇਕਾਈ ਹੈ, ਅਤੇ ਵਾਕਾਂਸ਼ ਸ਼ਬਦ ਵਰਗੀ। ਦੂਜਾ, ਉਪਵਾਕ ਵਿਚ 'ਉੱਦੇਸ਼' ਤੇ 'ਵਿਧੇਅ' ਦੋਵੇਂ ਹੁੰਦੇ ਹਨ, ਵਾਕਾਂਸ਼ ਵਿਚ ਇਹ ਦੋਵੇਂ ਇਕੱਠੇ ਨਹੀਂ ਆਉਂਦੇ।

ਉਪਵਾਕ ਤੇ ਵਾਕਾਂਸ਼ ਦੀਆਂ ਕਈ ਸ਼੍ਰੇਣੀਆਂ ਬਣਦੀਆਂ ਹਨ, ਪਰ ਇਸ ਪਾਠ ਵਿਚ ਵਧੇਰੇ ਵਿਸਤਾਰ ਵਿਚ ਜਾਣ ਦੀ ਗੁੰਜਾਇਸ਼ ਨਹੀਂ।

**ਦੂਜਾ ਅਭਿਆਸ**

**ਨੋਟ:** ਹੇਠ-ਦਿੱਤੇ ਸਵਾਲਾਂ ਦੇ ਸੰਖੇਪ ਉੱਤਰ ਦਿਓ। ਉੱਤਰ ਖ਼ਾਲੀ ਛਡੀਆਂ ਥਾਵਾਂ ਉੱਤੇ ਦੇਣੇ ਹਨ। ਸਵਾਲਾਂ ਦੇ ਜਵਾਬ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਨਹੀਂ ਵੇਖਣਾ।

1 ਇਸ ਵਾਕ ਦੇ ਉਪਵਾਕ ਵੱਖ-ਵੱਖ ਕਰੋ :
ਤੁਹਾਡੀਆਂ ਗੱਲਾਂ ਅਸਾਂ ਸੁਣ ਲਈਆਂ ਹਨ, ਹੁਣ ਸਾਡੀ ਵੀ ਸੁਣ ਲਓ ਤੇ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰੋ।

-------------------------------------------------------------------

2 ਉਪਵਾਕ ਤੇ ਵਾਕਾਂਸ਼ ਦਾ ਅੰਤਰ ਸਪਸ਼ਟ ਕਰੋ।

-------------------------------------------------------------------

## 3.5 ਵਾਕ ਦੀ ਸ਼੍ਰੇਣੀ-ਵੰਡ

ਵਾਕ ਦੀ ਸ਼੍ਰੇਣੀ-ਵੰਡ ਕਈ ਵਿਧੀਆਂ ਨਾਲ ਕੀਤੀ ਜਾਂਦੀ ਹੈ, ਇਨ੍ਹਾਂ ਵਿਚੋਂ ਵਿਦਿਆਰਥੀਆਂ ਦੀ ਲੋੜ ਅਨੁਸਾਰ, ਦੋ ਵਿਧੀਆਂ ਪ੍ਰਸਿੱਧ ਹਨ :

ਪਹਿਲੀ ਬਣਤਰ ਦੇ ਆਧਾਰ ਉੱਤੇ ਅਤੇ ਦੂਜੀ ਅਰਥਾਂ ਦੇ ਆਧਾਰ ਉੱਤੇ।

ਹੁਣ ਅਸੀ ਇਨ੍ਹਾਂ ਦੋਹਾਂ ਦੀਆਂ ਵੰਡਾਂ ਦਾ ਸੰਖਿਪਤ ਵੇਰਵਾ ਦਿਆਂਗੇ :

### 3.5.1 ਬਣਤਰ ਦੇ ਆਧਾਰ ਉੱਤੇ ਵਾਕ-ਵੰਡ

ਬਣਤਰ ਅਥਵਾ ਵਾਕ-ਸਿਰਜਣਾ ਦੇ ਪੱਖ ਤੋਂ ਵਾਕ ਦੀਆਂ ਦੋ ਮੁੱਖ ਸ਼੍ਰੇਣੀਆਂ ਹਨ। ਜਿਹੜੇ ਵਾਕ ਵਿਚ ਸਿਰਫ਼ ਉਪਵਾਕ ਹੋਵੇ ਉਸ ਨੂੰ **ਇਕਹਿਰਾ ਵਾਕ** ਜਾਂ ਸਧਾਰਨ ਵਾਕ ਕਿਹਾ ਜਾਂਦਾ ਹੈ। 'ਮੈਂ ਇਹ ਕਿਤਾਬ ਪੜ੍ਹ ਲਈ ਹੈ', 'ਤੁਸੀ ਕਦੋਂ ਤਕ ਵਾਪਸ ਮੁੜੋਗੇ?', 'ਸਾਡੀਆਂ ਗੱਲਾਂ ਦਾ ਤੁਹਾਡੇ ਉੱਤੇ ਕੋਈ ਅਸਰ ਨਾ ਹੋਇਆ' ਸਾਰੇ ਹੀ ਇਕਹਿਰੇ ਵਾਕ ਹਨ, ਕਿਉਂਕਿ 'ਇਨ੍ਹਾਂ ਵਿਚ ਇੱਕੋ ਹੀ ਉਪਵਾਕ ਆਇਆ ਹੈ। ਜਿਸ ਵਾਕ ਵਿਚ ਇੱਕ ਤੋਂ ਵਧੇਰੇ ਉਪਵਾਕ ਹੋਣ ਉਸ ਨੂੰ ਗੁੰਝਵਾਂ ਵਾਕ ਆਖਦੇ ਹਨ। ਗੁੰਝਵੇਂ ਵਾਕ ਦੀਆਂ ਅੱਗੇ ਦੋ ਸ਼੍ਰੇਣੀਆਂ ਹਨ। ਜੇ ਗੁੰਝਵੇਂ ਵਾਕ ਦੇ ਸਾਰੇ ਉਪਵਾਕ ਬਰਾਬਰ

ਦੇ ਹੋਣ, ਕੋਈ ਉਪਵਾਕ ਕਿਸੇ ਦੂਜੇ ਉਪਵਾਕ ਦੇ ਅਧੀਨ ਨਾ ਹੋਵੇ, ਉਸ ਨੂੰ ਸੰਜੁਗਤ ਵਾਕ (compound sentence) ਕਿਹਾ ਜਾਂਦਾ ਹੈ। 'ਮੀਂਹ ਵਰ੍ਹਦਾ ਰਿਹਾ, ਪਰ ਮੈਚ ਜਾਰੀ ਰਿਹਾ', 'ਕਮੇਟੀ ਦੇ ਸਾਰੇ ਮੈਂਬਰ ਸਮੇਂ ਸਿਰ ਪੁੱਜ ਗਏ ਸਨ, ਪ੍ਰਧਾਨ ਜੀ ਵੀ ਆ ਗਏ ਸਨ, ਪਰ ਮੀਟਿੰਗ ਵਾਲੇ ਕਮਰੇ ਵਿਚ ਅਜੇ ਕੁਰਸੀਆਂ ਨਹੀਂ ਸਨ ਰੱਖੀਆਂ ਗਈਆਂ।' ਇਹ ਦੋਵੇਂ ਸੰਜੁਗਤ ਵਾਕ ਹਨ। ਵੇਖਿਆ ਜਾਵੇ ਇਨ੍ਹਾਂ ਨੂੰ ਤੋੜ ਕੇ ਵੱਖ-ਵੱਖ ਹਿੱਸਿਆਂ (ਉਪਵਾਕਾਂ) ਦੇ ਸੁਤੰਤਰ ਵਾਕ ਬਣਾਏ ਜਾ ਸਕਦੇ ਹਨ : 'ਮੀਂਹ ਵਰ੍ਹਦਾ ਰਿਹਾ', 'ਮੈਚ ਜਾਰੀ ਰਿਹਾ' ਆਦਿ। ਹੁਣ ਅਗਲੇ ਵਾਕ ਨੂੰ ਵਿਚਾਰਿਆ ਜਾਵੇ : 'ਜੇ ਤੁਸੀਂ ਗਏ, ਤਾਂ ਮੈਂ ਵੀ ਜਾਵਾਂਗਾ'। ਇਸ ਵਿਚ ਆਇਆ ਉਪਵਾਕ 'ਮੈਂ ਵੀ ਜਾਵਾਂਗਾ' ਤਾਂ ਸੁਤੰਤਰ ਹੈ, ਕਿਸੇ ਹੋਰ ਉਪਵਾਕ ਉੱਤੇ ਆਧਾਰਿਤ ਨਹੀਂ, ਇਸ ਨੂੰ ਪ੍ਰਧਾਨ ਉਪਵਾਕ ਕਿਹਾ ਜਾਂਦਾ ਹੈ। ਪਰ ਦੂਜਾ ਉਪਵਾਕ 'ਜੇ ਤੁਸੀਂ ਗਏ' ਆਪਣੇ-ਆਪ ਵਿਚ ਸੁਤੰਤਰ ਨਹੀਂ, ਪ੍ਰਧਾਨ ਉਪਵਾਕ ਦੇ ਆਸਰੇ ਤੋਂ ਬਿਨਾਂ ਇਸ ਦੇ ਅਰਥ ਸਪਸ਼ਟ ਨਹੀਂ ਹੁੰਦੇ। ਅਜਿਹੇ ਉਪਵਾਕ ਨੂੰ 'ਅਧੀਨ ਉਪਵਾਕ' ਆਖਦੇ ਹਨ। ਜਿਹੜੇ ਵਾਕ ਵਿਚ ਪ੍ਰਧਾਨ ਉਪਵਾਕ ਦੇ ਨਾਲ ਇਕ ਜਾਂ ਵਧੇਰੇ ਅਧੀਨ ਉਪਵਾਕ ਆ ਜਾਣ ਉਸ ਵਾਕ ਨੂੰ ਮਿਸ਼ਰਿਤ ਵਾਕ (complex sentence) ਆਖਿਆ ਜਾਂਦਾ ਹੈ। 'ਭਾਵੇਂ ਮੀਂਹ ਵਰ੍ਹੇ, ਭਾਵੇਂ ਹਨੇਰੀ ਆਵੇ, ਅਸੀਂ ਜ਼ਰੂਰ ਪਹੁੰਚਾਂਗੇ', 'ਉਹ ਸ਼ਰਾਬ ਵੀ ਪੀਂਦਾ ਸੀ, ਅਫ਼ੀਮ ਵੀ ਖਾਂਦਾ ਸੀ। ਇਸ ਲਈ ਉਸ ਦੀ ਸਿਹਤ ਛੇਤੀ ਹੀ ਖ਼ਰਾਬ ਹੋ ਗਈ।' ਇਹ ਦੋਵੇਂ ਮਿਸ਼ਰਿਤ ਵਾਕ ਹਨ। ਪਹਿਲੇ ਵਾਕ ਵਿਚ, 'ਅਸੀਂ ਜ਼ਰੂਰ ਪਹੁੰਚਾਂਗੇ' ਪ੍ਰਧਾਨ ਉਪਵਾਕ ਹੈ, ਅਤੇ ਦੋ ਅਧੀਨ ਉਪਵਾਕ ਹਨ–'ਭਾਵੇਂ ਮੀਂਹ ਵਰ੍ਹੇ', 'ਭਾਵੇਂ ਹਨੇਰੀ ਆਵੇ।' ਦੂਜੇ ਵਾਕ ਵਿਚ ਅਧੀਨ ਉਪਵਾਕ ਹਨ ਇਕ ਹੈ - 'ਇਸ ਲਈ ਉਸ ਦੀ ਸਿਹਤ ਛੇਤੀ ਖ਼ਰਾਬ ਹੋ ਗਈ।' ਦੂਜੇ ਦੋਵੇਂ ਉਪਵਾਕ ('ਉਹ ਸ਼ਰਾਬ ਪੀਂਦਾ ਸੀ', ਅਤੇ '(ਉਹ) ਅਫ਼ੀਮ ਵੀ ਖਾਂਦਾ ਸੀ') ਬਰਾਬਰ ਦੇ ਹਨ ਤੇ ਸੁਤੰਤਰ ਹਨ। ਇਨ੍ਹਾਂ ਦੋਹਾਂ ਨੂੰ ਪ੍ਰਧਾਨ ਉਪਵਾਕ ਮੰਨਿਆ ਜਾਵੇਗਾ। ਸੋ ਕਿਸੇ ਮਿਸ਼ਰਿਤ ਵਾਕ ਵਿਚ ਇੱਕ ਤੋਂ ਵਧੇਰੇ ਅਧੀਨ ਉਪਵਾਕ ਵੀ ਹੋ ਸਕਦੇ ਹਨ, ਅਤੇ ਇੱਕ ਤੋਂ ਜ਼ਿਆਦਾ ਪ੍ਰਧਾਨ ਉਪਵਾਕ ਵੀ ਆ ਸਕਦੇ ਹਨ। ਆਮ ਤੌਰ ਉੱਤੇ ਬਣਤਰ ਦੇ ਪੱਖ ਤੋਂ ਵਾਕ ਦੀਆਂ ਤਿੰਨ ਸ਼੍ਰੇਣੀਆਂ ਹੀ ਮੰਨੀਆਂ ਜਾਂਦੀਆਂ ਹਨ - ਸਧਾਰਨ ਵਾਕ, ਸੰਜੁਗਤ ਵਾਕ, ਅਤੇ ਮਿਸ਼ਰਿਤ ਵਾਕ। ਇਕਹਿਰੇ ਤੇ ਗੁੰਝਵੇਂ ਵਾਕ ਵਾਲੀਆਂ ਸ਼੍ਰੇਣੀਆਂ ਨੂੰ ਮਹੱਤਤਾ ਨਹੀਂ ਦਿੱਤੀ ਜਾਂਦੀ।

### 3.5.2 ਅਰਥਾਂ ਦੇ ਆਧਾਰ ਉੱਤੇ ਵਾਕ-ਵੰਡ

ਅਰਥਾਂ ਦੇ ਆਧਾਰ ਉੱਤੇ ਵੀ ਵਾਕਾਂ ਦੀਆਂ ਕੁੱਝ ਸ਼੍ਰੇਣੀਆਂ ਬਣਾਈਆਂ ਜਾਂਦੀਆਂ ਹਨ। ਇਨ੍ਹਾਂ ਦਾ ਸੰਖੇਪ ਵੇਰਵਾ ਅੱਗੇ ਦਿੱਤਾ ਗਿਆ ਹੈ।

ੳ) **ਬਿਆਨਿਆ** ਵਾਕ ਉਹ ਵਾਕ ਹੈ ਜਿਸ ਵਿੱਚ ਕੁੱਝ ਹੋਣ, ਕੀਤੇ ਜਾਣ ਜਾਂ ਵਾਪਰਨ ਬਾਰੇ ਦੱਸਿਆ ਗਿਆ ਹੋਵੇ:
ਰਾਮ ਸਿੰਘ ਚਲਾ ਗਿਆ ਹੈ।
ਅਸੀਂ ਇੱਥੇ ਨਹੀਂ ਸਾਂ।
ਸਭ ਲੋਕ ਖੁਸ਼ ਹਨ।

ਅ) **ਨਾਂਹਵਾਚੀ ਵਾਕ** ਵਿੱਚੋਂ ਕੁੱਝ ਨਾ ਹੋਣ, ਨਾ ਕੀਤੇ ਜਾਣ ਜਾਂ ਨਾ ਵਾਪਰਨ ਦਾ ਪਤਾ ਲੱਗਦਾ ਹੈ।
ਰਾਮ ਸਿੰਘ ਨਹੀਂ ਗਿਆ।
ਅਸੀਂ ਇਥੇ ਨਹੀਂ ਸਾਂ।
ਲੋਕ ਕੁਝ ਨਾ ਕਰ ਸਕੇ।

ੲ) **ਆਗਿਆ ਬੋਧਕ ਵਾਕ** ਅਜਿਹੇ ਵਾਕ ਨੂੰ ਕਿਹਾ ਜਾਂਦਾ ਹੈ ਜਿਸ ਵਿਚ ਕੋਈ ਹੁਕਮ ਦਿੱਤਾ ਗਿਆ ਹੋਵੇ, ਅਥਵਾ ਆਗਿਆ ਕੀਤੀ ਗਈ ਹੋਵੇ :
ਹੁਣੇ ਚਲੇ ਜਾਓ।
ਇਥੇ ਨਾ ਬੈਠੋ।
ਤੁਸੀਂ ਮੇਰੀ ਗੱਲ ਮੰਨੋ।

ਬੇਨਤੀ ਜਾਂ ਗੁਜ਼ਾਰਸ਼ ਵਾਲੇ ਵਾਕ ਵੀ ਏਸੇ ਸ਼੍ਰੇਣੀ ਵਿਚ ਆਉਂਦੇ ਹਨ :
ਸਾਨੂੰ ਇਹ ਸਵਾਲ ਸਮਝਾਉਣ ਦੀ ਕਿਰਪਾ ਕਰੋ।
ਸਾਡੀ ਬੇਨਤੀ ਪ੍ਰਵਾਨ ਕਰੋ।

ਸ) **ਪ੍ਰਸ਼ਨਵਾਚਕ** ਜਾਂ **ਪ੍ਰਸ਼ਨਬੋਧਕ ਵਾਕ** ਵਿਚ ਕੁੱਝ ਪੁੱਛਿਆ ਜਾਂਦਾ ਹੈ, ਅਥਵਾ ਕੋਈ ਸਵਾਲ ਕੀਤਾ ਜਾਂਦਾ ਹੈ :
ਤੁਸੀਂ ਕਦੋਂ ਮੁੜੋਗੇ?
ਅੱਜ ਕੀ ਦਿਨ ਹੈ?
ਤੁਹਾਡਾ ਭਰਾ ਕਿੱਥੇ ਰਹਿੰਦਾ ਹੈ?

ਕੁਝ ਵਾਕ ਅਜਿਹੇ ਹੁੰਦੇ ਹਨ ਜੋ ਓਪਰੀ ਨਜ਼ਰ ਨਾਲ ਵੇਖਿਆਂ ਪ੍ਰਸ਼ਨ ਬੋਧਕ ਜਾਪਦੇ ਹਨ, ਪਰ ਵਾਸਤਵ ਵਿਚ ਪ੍ਰਸ਼ਨਬੋਧਕ ਨਹੀਂ ਹੁੰਦੇ :
ਹੈਂ, ਇਹ ਕੀ ਹੋ ਗਿਆ!
ਪਰਮਾਤਮਾ ਨੇ ਸਾਨੂੰ ਇਸ ਬਿਪਤਾ ਵਿਚ ਕਿਉਂ ਪਾਇਆ!
ਰੱਬਾ, ਉਹਦੇ ਥਾਂ ਮੈਂ ਕਿਉਂ ਨਾ ਮਰ ਗਈ!

ਇਹ ਵਾਕ ਵੇਖਣ ਵਿਚ ਪ੍ਰਸ਼ਨਬੋਧਕ ਜਾਪਦੇ ਹਨ, ਪਰ ਇਹ ਸਾਰੇ ਹੀ ਹੇਠਾਂ ਦਿੱਤੀ ਸ਼੍ਰੇਣੀ **ਵਿਸਮਿਕ ਵਾਕ** ਵਿਚ ਆਉਂਦੇ ਹਨ।

ਪ੍ਰਸ਼ਨਵਾਚਕ ਵਾਕ ਅਜਿਹਾ ਵਾਕ ਹੁੰਦਾ ਹੈ, ਜਿਸਦੇ ਉੱਤਰ ਦੀ ਉਡੀਕ ਕੀਤੀ ਜਾਵੇ। ਜਿਸ ਵਾਕ ਦਾ ਕੋਈ ਉੱਤਰ (ਜਵਾਬ) ਨਹੀਂ ਮਿਲਨਾ, ਉਹ ਪ੍ਰਸ਼ਨਬੋਧਕ ਨਹੀਂ ਮੰਨਿਆ ਜਾਂਦਾ।

ਹ) **ਵਿਸਮਿਕ ਵਾਕ** ਉਹ ਹਨ ਜਿਨ੍ਹਾਂ ਵਿਚ ਹੈਰਾਨੀ, ਅਚੰਭਾ, ਦੁੱਖ ਜਾਂ ਅਤਿਅੰਤ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਹੋਵੇ;
ਹੈਂ, ਇਹ ਕੀ ਹੋ ਗਿਆ !
ਬੱਲੇ-ਬੱਲੇ, ਕੈਸੀ ਸ਼ਾਨਦਾਰ ਇਮਾਰਤ ਹੈ!
ਰੱਬਾ, ਉਹਦੇ ਥਾਂ ਮੈਂ ਕਿਉਂ ਨਾ ਮਰ ਗਈ !
ਵਾਹਵਾ,ਤੁਸੀਂ ਵੀ ਆ ਗਏ !

ਵਿਸਮਿਕ ਵਾਕਾਂ ਦੇ ਅੰਤ ਵਿਚ ਵਿਸਮਿਕ ਚਿੰਨ੍ਹ (!) ਲਾਇਆ ਜਾਂਦਾ ਹੈ।

ਕ) ਸੰਦੇਹਸੂਚਕ (ਸ਼ੱਕੀ) ਵਾਕ ਵਿਚੋਂ ਸੰਦੇਹ ਜਾਂ ਸ਼ੱਕ ਦੀ ਸੂਚਨਾ ਮਿਲਦੀ ਹੈ :
ਖ਼ਬਰੇ ਬੱਚੇ ਅਜੇ ਸਕੂਲ ਵਿਚ ਹੀ ਹੋਣ।
ਸ਼ਾਇਦ ਅਸੀਂ ਭਲਕੇ ਆਈਏ।
ਸੁਰਜੀਤ ਨੇ ਤੁਹਾਨੂੰ ਦੱਸਿਆ ਹੀ ਹੋਵੇਗਾ।

ਖ) **ਇੱਛਾਸੂਚਕ ਵਾਕ** ਉਹ ਹੁੰਦੇ ਹਨ ਜਿਨ੍ਹਾਂ ਵਿਚ ਕੋਈ ਇੱਛਾ ਖ਼ਾਹਿਸ਼, ਮਨੋਰਥ ਦਰਸਾਇਆ ਗਿਆ ਹੋਵੇ। ਅਸੀਸਾਂ, ਬਦਅਸੀਸਾਂ ਵੀ ਏਸੇ ਸ਼੍ਰੇਣੀ ਵਿਚ ਆਉਂਦੀਆ ਹਨ :
ਸਾਨੂੰ ਹੁਣੇ ਜਾਣਾ ਚਾਹੀਦਾ ਹੈ।
ਰੱਬ ਤੁਹਾਡਾ ਬੇੜਾ ਗ਼ਰਕ ਕਰੇ।
ਗੁਰੂ ਤੁਹਾਨੂੰ ਚੜ੍ਹਦੀਆਂ ਕਲਾਂ ਵਿਚ ਰੱਖੇ।

ਗ) **ਸ਼ਰਤੀਵਾਕ** ਉਹ ਵਾਕ ਹਨ ਜਿਨ੍ਹਾਂ ਵਿਚ ਕਿਸੇ ਪ੍ਰਕਾਰ ਦੀ ਸ਼ਰਤ ਦਾ ਸੰਕੇਤ ਮਿਲੇ :
ਜੇ ਉਹ ਮਿਹਨਤ ਕਰਦਾ ਤਾਂ ਪਾਸ ਹੋ ਜਾਂਦਾ।
ਸਮੇਂ ਸਿਰ ਮੀਂਹ ਵਰ੍ਹਦਾ ਤਾਂ ਜ਼ਰੂਰ ਚੰਗੀ ਫਸਲ ਹੁੰਦੀ।
ਤੁਸੀ ਸਦਦੇ ਤਾਂ ਅਸੀਂ ਆ ਜਾਂਦੇ।

ਸ਼ਰਤੀ ਵਾਕ ਇਕਹਿਰਾ ਨਹੀ ਹੁੰਦਾ, ਇਹ ਸਦਾ ਮਿਸ਼ਰਿਤ ਵਾਕ ਹੁੰਦਾ ਹੈ।

**ਤੀਜਾ ਅਭਿਆਸ**

**ਨੋਟ:** ਹੇਠ-ਦਿੱਤੇ ਸਵਾਲਾਂ ਦੇ ਸੰਖੇਪ ਉੱਤਰ ਦਿਓ। ਉੱਤਰ ਖਾਲੀ-ਛੱਡੀਆਂ ਥਾਵਾਂ ਉੱਤੇ ਦੇਣੇ ਹਨ। ਸਵਾਲਾਂ ਦੇ ਜਵਾਬ ਅਖੀਰ ਵਿਚ ਦਿੱਤੇ ਹੋਏ ਹਨ ਪਰ ਤੁਸੀਂ ਜਵਾਬ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਨਹੀਂ ਵੇਖਣਾ।

1 ਬਣਤਰ ਦੇ ਆਧਾਰ ਉੱਤੇ ਹੇਠ ਲਿਖੇ ਵਾਕਾਂ ਨੂੰ ਕਿਹੜੀ-ਕਿਹੜੀ ਸ਼੍ਰੇਣੀ ਵਿਚ ਰੱਖੋਗੇ?
ਸਾਡਾ ਸਾਰਾ ਪਰਿਵਾਰ ਦਿਨ ਭਰ ਤੁਹਾਡੀ ਉਡੀਕ ਕਰਦਾ ਰਿਹਾ।
ਅਸੀ ਕਾਲਜ ਪੁੱਜੇ ਹੀ ਸਾਂ ਕਿ ਮੀਂਹ ਸ਼ੁਰੂ ਹੋ ਗਿਆ।
ਤੁਸਾਂ ਸਾਡੀ ਗੱਲ ਨਹੀ ਮੰਨਣੀ ਤੇ ਅੰਤ ਪਛਤਾਉਣਾ ਹੈ।

--------------------------------------------------------------------------------

2 ਅਰਥਾਂ ਦੇ ਆਧਾਰ ਉੱਤੇ ਕੀਤੀ ਜਾਣ ਵਾਲੀ ਸ਼੍ਰੇਣੀ-ਵੰਡ ਅਨੁਸਾਰ ਹੇਠ-ਲਿਖੇ ਵਾਕ ਕਿਸ ਸ਼੍ਰੇਣੀ ਵਿਚ ਆਉਂਦੇ ਹਨ?
ਸ਼ਾਬਾਸ਼ ਤੁਸੀ ਕਮਾਲ ਕਰ ਦਿੱਤਾ!
ਉਹ ਏਨੀ ਛੇਤੀ ਕਿਉਂ ਮੁੜ ਗਿਆ ਹੈ?
ਅਜਿਹੀ ਗ਼ਲਤੀ ਫੇਰ ਨਾ ਕਰਿਓ।
ਪਰਮਾਤਮਾ ਤੁਹਾਡੀ ਰੱਖਿਆ ਕਰੇ।

--------------------------------------------------------------------------------

## 3.6 ਪੰਜਾਬੀ ਵਾਕ ਦੀ ਤਰਤੀਬ

ਵਾਕ ਨੂੰ ਅਸਾਂ ਸ਼ਬਦ ਦੀਆਂ ਲੜੀਆਂ ਕਿਹਾ ਹੈ। ਇਨ੍ਹਾਂ ਲੜੀਆਂ ਅਰਥਾਤ ਵਾਕਾਂ ਵਿਚ ਸ਼ਬਦ ਐਵੇਂ ਉੱਘੜ-ਦੁੱਘੜ ਨਹੀਂ ਰੱਖੇ ਜਾਂਦੇ, ਸਗੋਂ ਕਿਸੇ ਨਿਸ਼ਚਿਤ ਤਰਤੀਬ ਨਾਲ ਪਰੋਏ ਜਾਂਦੇ ਹਨ, ਅਤੇ ਉਨ੍ਹਾਂ ਦਾ ਰੂਪ ਕਿਸੇ ਬੱਝਵੀਂ ਵਿਉਂਤ ਅਨੁਸਾਰ ਬਦਲਿਆ ਜਾਂਦਾ ਹੈ। ਹਰ ਭਾਸ਼ਾ ਦੀ ਆਪਣੀ ਤਰਤੀਬ ਹੁੰਦੀ ਹੈ, ਨਿਵੇਕਲੀ ਵਿਉਂਤ ਹੁੰਦੀ ਹੈ। ਅੱਗੇ ਅਸੀਂ ਪੰਜਾਬੀ ਵਾਕ ਦੀ ਤਰਤੀਬ ਬਾਰੇ ਸੰਖਿਪਤ ਵਿਚਾਰ ਕਰਾਂਗੇ।

### 3.6.1 ਕੁੱਝ ਤਕਨੀਕੀ ਸ਼ਬਦ

ਪੰਜਾਬੀ ਵਾਕ ਦੀ ਤਰਤੀਬ ਦੇ ਵੇਰਵੇ ਦੇਣ ਤੋਂ ਪਹਿਲਾਂ ਕੁੱਝ ਤਕਨੀਕੀ ਸ਼ਬਦਾਂ ਬਾਰੇ ਜਾਣਕਾਰੀ ਕਰਾਉਣੀ ਜ਼ਰੂਰੀ ਜਾਪਦੀ ਹੈ, ਕਿਉਂਕਿ ਅਜਿਹੇ ਸ਼ਬਦ ਅਸਾਂ ਬਾਰ-ਬਾਰ ਵਰਤਣੇ ਹਨ।

ਕਿਰਿਆ ਜਾਂ ਕੰਮ ਕਰਨ ਵਾਲੇ ਨੂੰ **ਕਰਤਾ** ਕਹਿੰਦੇ ਹਨ, ਅਤੇ ਨਾਂਵ ਜਾਂ ਪੜਨਾਂਵ ਉੱਤੇ ਕਿਰਿਆ ਵਾਪਰੇ, ਜਾਂ ਜਿਸ ਉੱਤੇ ਕਿਰਿਆ ਦਾ ਪ੍ਰਭਾਵ ਪਵੇ, ਉਸ ਨੂੰ **ਕਰਮ** ਆਖਿਆ ਜਾਂਦਾ ਹੈ। "ਵਿਦਿਆਰਥੀ ਕਿਤਾਬ ਪੜ੍ਹ ਰਿਹਾ ਹੈ" ਵਾਕ ਵਿਚ 'ਵਿਦਿਆਰਥੀ' ਕਿਰਿਆ ਕਰਨ ਵਾਲਾ ਹੈ, ਇਸ ਲਈ ਇਹ **ਕਰਤਾ**.ਹੈ। ਕਿਤਾਬ ਉੱਤੇ ਕਿਰਿਆ ਵਾਪਰ ਰਹੀ ਹੈ, ਸੋ ਕਿਤਾਬ **ਕਰਮ** ਹੈ। ਕੁੱਝ ਕਿਰਿਆਵਾਂ ਐਸੀਆਂ ਹਨ, ਜਿਨਾਂ ਨਾਲ ਕਰਮ ਨਹੀ ਆਉਂਦਾ, ਅਰਥਾਤ ਕਰਮ ਦੀ ਲੋੜ ਨਹੀਂ ਹੁੰਦੀ। 'ਬੱਚਾ ਰੋਂਦਾ ਹੈ', 'ਘੋੜੇ ਦੌੜਦੇ ਸਨ' ਵਾਕਾਂ ਵਿੱਚ ਕੋਈ ਕਰਮ ਨਹੀਂ ਆਇਆ, ਸਿਰਫ ਕਰਤਾ ਹੀ ਆਇਆ ਹੈ। ਅਜਿਹੀਆਂ ਕਿਰਿਆਵਾਂ ਨੂੰ (ਜਿਨ੍ਹਾਂ ਨਾਲ ਕਰਮ ਦੀ ਲੋੜ ਨਾ ਹੋਵੇ), **ਅਕਰਮਕ ਕਿਰਿਆਵਾਂ** ਆਖਦੇ ਹਾਂ। ਰੋਣਾ, ਹੱਸਣਾ, ਦੌੜਨਾ, ਬੈਠਣਾ, ਉੱਠਣਾ, ਸੌਣਾ, ਜਾਗਣਾ, ਆਦਿ ਅਕਰਮਕ ਕਿਰਿਆਵਾਂ ਹਨ। ਇਸ ਦੇ ਉਲਟ ਜਿਹੜੀਆਂ ਕਿਰਿਆਵਾਂ ਨਾਲ ਕਰਮ ਦੀ ਲੋੜ ਹੋਵੇ ਉਨ੍ਹਾਂ ਨੂੰ **ਸਕਰਮਕ ਕਿਰਿਆਵਾਂ** ਕਿਹਾ ਜਾਂਦਾ ਹੈ। ਬਣਾਉਣਾ, ਢਾਹੁਣਾ, ਚੁੱਕਣਾ, ਸੁੱਟਣਾ, ਚੀਰਨਾ, ਬੰਨ੍ਹਣਾ, ਵੱਢਣਾ, ਛੱਡਣਾ, ਆਦਿ ਸਕਰਮਕ ਕਿਰਿਆਵਾਂ ਹਨ। ਵੇਖੋ, 'ਚਿਤਰਕਾਰ ਨੇ ਤਸਵੀਰ ਬਣਾਈ', 'ਮੈਂ ਪੱਗ ਬੰਨ੍ਹ ਰਿਹਾ ਸਾਂ। ਵਾਕਾਂ ਵਿੱਚ 'ਚਿਤਰਕਾਰ' ਤੇ ਪੜਨਾਂਵ 'ਮੈਂ' ਕਰਤਾ ਹਨ, ਅਤੇ 'ਤਸਵੀਰ' ਤੇ 'ਪੱਗ' ਕਰਮ ਹਨ।

**ਹੋਰ ਵੇਖੋ** : 'ਤਸਵੀਰ ਬਣਾਈ' ਵਿਚ ਕਿਰਿਆ 'ਬਣਾਈ' ਇਕੱਲਾ ਸ਼ਬਦ ਹੈ; ਪਰ ਅਗਲੇ ਵਾਕ ਵਿਚ 'ਬੰਨ੍ਹ ਰਿਹਾ ਸਾਂ' ਤਿੰਨ ਸ਼ਬਦ ਵਰਤ ਕੇ ਕਿਰਿਆ ਮੁਕੰਮਲ ਹੋਈ ਹੈ। ਇਸ ਸਾਰੇ ਸਮੂਹ (ਬੰਨ੍ਹ ਰਿਹਾ ਸਾਂ) ਨੂੰ '**ਕਿਰਿਆ-ਰੂਪ**' ਕਹਿੰਦੇ ਹਾਂ ਅਸਲ ਕਿਰਿਆ 'ਬੰਨ੍ਹ' ਹੈ ਇਸ ਨੂੰ '**ਮੁੱਖ ਕਿਰਿਆ** ਜਾਂ **ਮੂਲ ਕਿਰਿਆ** ਕਿਹਾ ਜਾਂਦਾ ਹੈ, ਅਤੇ 'ਰਿਹਾ ਸਾਂ' **ਸਹਾਇਕ ਕਿਰਿਆ** ਹੈ, ਅਤੇ ਇਸ ਦੇ ਅੰਤਿਮ ਸ਼ਬਦ 'ਸਾਂ' ਨੂੰ 'ਕਾਲਬੋਧਕ' ਆਖਦੇ ਹਾਂ। ਕਾਰਨ ਇਹ ਹੈ ਕਿ ਇਸ 'ਸਾਂ' ਤੋਂ ਪਤਾ ਲੱਗਦਾ ਹੈ ਕਿ ਕਿਰਿਆ ਭੂਤਕਾਲ (ਬੀਤ ਚੁੱਕੇ ਸਮੇਂ) ਵਿਚ ਵਾਪਰੀ ਹੈ। 'ਪੱਗ ਬੰਨ੍ਹ ਰਿਹਾ ਹਾਂ' ਜਾਂ 'ਬੰਨ੍ਹ ਰਿਹਾ ਹੋਵਾਂਗਾ' ਵਿਚ ਸਿਰਫ਼ ਇਹ ਅੰਤਿਮ ਸ਼ਬਦ ਬਦਲਣ ਨਾਲ ਕਾਲ ਬਦਲ ਗਿਆ ਹੈ - 'ਹਾਂ' ਵਰਤਮਾਨ ਕਾਲ (ਚਾਲੂ ਸਮੇਂ) ਦਾ ਲਖਾਇਕ ਹੈ, ਅਤੇ 'ਹੋਵਾਂਗਾ' ਭਵਿਖਤ ਕਾਲ (ਆਉਣ ਵਾਲੇ ਸਮੇਂ) ਦਾ ਬੋਧਕ ਹੈ। ਇਨ੍ਹਾਂ ਵਾਕਾਂ ਵਿਚ ਕਿਰਿਆ ਰੂਪ ਦੇ ਪਹਿਲੇ ਦੋਵੇਂ ਸ਼ਬਦ ਇੱਕੋ ਹੀ ਹਨ, ਸਿਰਫ 'ਕਾਲਬੋਧਕ' ਦਾ ਹੀ ਫਰਕ ਪਿਆ ਹੈ। 'ਹਾਂ, ਹਨ, ਹੈ, ਸਾਂ, ਸਨ, ਮੈਂ, ਹੋਵਾਂਗਾ, ਹੋਵੋਗੇ, ਹੋਣਗੇ, ਆਦਿ ਕਾਲਬੋਧਕ ਹਨ।

### 3.6.2 ਵਾਕ ਦੀ ਤਰਤੀਬ

ਹੁਣ ਅਸੀ ਪੰਜਾਬੀ ਵਾਕ ਦੀ ਤਰਤੀਬ ਵਿਚਾਰਦੇ ਹਾਂ। ਪੰਜਾਬੀ ਵਾਕ ਦੀ ਸਧਾਰਨ ਤਰਤੀਬ ਹੈ—ਕਰਤਾ, ਕਰਮ, ਕਿਰਿਆ। "ਦਰਜ਼ੀ ਕਪੜੇ ਸਿਊਂ ਰਿਹਾ ਹੈ" ਵਾਕ ਵਿਚ ਕਰਤਾ (ਦਰਜ਼ੀ) ਆਇਆ ਹੈ, ਫੇਰ ਕਰਮ (ਕਪੜੇ) ਤੇ ਅੰਤ ਵਿਚ ਕਿਰਿਆ 'ਸਿਊਂ ਰਿਹਾ ਹੈ।' (ਕਿਰਿਆ-ਰੂਪ ਨੂੰ ਸੰਖੇਪ ਵਿਚ 'ਕਿਰਿਆ' ਹੀ ਕਹਿ ਦਿੱਤਾ ਜਾਂਦਾ ਹੈ)।

ਜੇ ਕਿਰਿਆ ਅਕਰਮਕ ਹੋਵੇ ਤਾਂ ਵਾਕ ਵਿਚ ਕਰਮ ਨਹੀਂ ਆਵੇਗਾ, ਕਿਉਂਕਿ ਅਕਰਮਕ ਕਿਰਿਆ ਨਾਲ ਕਰਮ ਨਹੀਂ ਆਉਂਦਾ। ਅਜਿਹੇ ਵਾਕ ਦੀ ਤਰਤੀਬ 'ਕਰਤਾ ਤੇ ਕਿਰਿਆ ਹੋਵੇਗੀ।

ਕਿਰਿਆ-ਰੂਪ ਵਿਚੋਂ ਸਭ ਤੋਂ ਪਹਿਲਾਂ ਮੁੱਖ ਕਿਰਿਆ ਆਉਂਦੀ ਹੈ, ਫੇਰ ਸਹਾਇਕ ਕਿਰਿਆ, ਅਤੇ ਕਾਲ ਬੋਧਕ ਸਭ ਤੋਂ ਪਿੱਛੋਂ ਆਉਂਦਾ ਹੈ। ਸੰਬੰਧਕ, ਨਾਂਵਾਂ (ਜਾਂ ਪੜਨਾਂਵਾਂ) ਤੋਂ ਪਿੱਛੋਂ ਆਉਂਦੇ ਹਨ। "ਮੁੰਡੇ ਨੇ ਕੁੜੀ ਨੂੰ ਮਾਰਿਆ" ਵਾਕ ਵਿਚ ਸੰਬੰਧਕ 'ਨੇ' ਨਾਂਵ 'ਮੁੰਡੇ' ਤੋਂ ਪਿੱਛੋਂ ਆਇਆ ਹੈ, ਅਤੇ 'ਨੂੰ' ਨਾਂਵ 'ਕੁੜੀ' ਤੋਂ ਪਿੱਛੋਂ।

ਵਿਸ਼ੇਸ਼ਣ ਉਸ ਨਾਂਵ ਤੋਂ ਪਹਿਲਾਂ ਆਉਂਦਾ ਹੈ, ਜਿਸ ਦੀ ਵਿਸ਼ੇਸ਼ਤਾ ਉਹ ਦਰਸਾ ਰਿਹਾ ਹੋਵੇ। 'ਸੋਹਣੀ ਕਿਤਾਬ', 'ਨੀਲੀ ਪੱਗ, 'ਠੰਢਾ ਪਾਣੀ' ਵਿਚ ਵਿਸ਼ੇਸ਼ਣ 'ਸੋਹਣੀ', 'ਨੀਲੀ', 'ਠੰਢਾ' ਨਾਂਵਾਂ ਤੋਂ ਪਹਿਲਾਂ ਆਏ ਹਨ।

ਇਵੇਂ ਹੀ ਕਿਰਿਆ-ਵਿਸ਼ੇਸ਼ਣ ਉਸ ਕਿਰਿਆ ਤੋਂ ਪਹਿਲਾਂ ਆਉਂਦਾ ਹੈ, ਜਿਸ ਬਾਰੇ ਉਹ ਕੋਈ ਜਾਣਕਾਰੀ ਦਿੰਦਾ ਹੈ। 'ਹੌਲੀ ਤੁਰੋ', 'ਛੇਤੀ ਚੱਲੋ', 'ਦੂਰ ਬੈਠਾ ਸੀ' ਵਿਚ ਕਿਰਿਆ-ਵਿਸ਼ੇਸ਼ਣ 'ਹੌਲੀ', 'ਛੇਤੀ', 'ਦੂਰ' ਕਿਰਿਆ ਤੋਂ ਪਹਿਲਾਂ ਆਏ ਹਨ।

ਪ੍ਰਸ਼ਨ-ਸੂਚਕ ਸ਼ਬਦ ਕਿਉਂ', 'ਕੀ' 'ਕਿਥੇ', ਆਦਿ ਆਮ ਤੌਰ ਉੱਤੇ ਵਾਕ ਦੇ ਕਰਤਾ ਤੋਂ ਪਿੱਛੋਂ ਆਉਂਦੇ ਹਨ। "ਸੰਤੋਖ ਕਿਉਂਨਹੀ ਆਇਆ?" ਉਹ ਕਿਥੇ ਗਿਆ ਹੈ?", "ਤੁਸੀ ਕੀ ਚਾਹੁੰਦੇ ਹੋ?" ਵਾਕਾਂ ਵਿਚ ਪ੍ਰਸ਼ਨ-ਸੂਚਕ ਵਾਕ ਦੇ ਕਰਤਾ 'ਸੰਤੋਖ', 'ਉਹ', 'ਤੁਸੀਂ' ਤੋਂ ਠੀਕ ਪਿੱਛੋਂ ਆਏ ਹਨ। ਜੇ ਇਨ੍ਹਾਂ ਪ੍ਰਸ਼ਨ-ਸੂਚਕ ਸ਼ਬਦਾਂ ਦੀ ਪੁਜ਼ੀਸ਼ਨ ਬਦਲ ਦਿੱਤੀ ਜਾਵੇ ਤਾਂ ਵਾਕ ਦੇ ਅਰਥਾਂ ਵਿਚ ਸੂਖਮ ਫ਼ਰਕ ਪੈ ਜਾਂਦਾ ਹੈ। ਵੇਖੋ ਇਨ੍ਹਾਂ ਸ਼ਬਦਾਂ ਦੀ ਪੁਜ਼ੀਸ਼ਨ ਬਦਲ ਕੇ ਬਣਾਏ ਵਾਕਾਂ "ਸੰਤੋਖ ਆਇਆ ਕਿਉਂ ਨਹੀ?", ਦੇ ਅਰਥਾਂ ਦਾ ਪਹਿਲਾਂ ਆਏ ਵਾਕਾਂ ਨਾਲੋਂ ਕੁੱਝ ਫਰਕ ਹੈ।

ਨਾਂਹਵਾਚੀ ਸ਼ਬਦ—ਨਾ, ਨਹੀਂ, ਆਦਿ—ਆਮ ਤੌਰ ਉੱਤੇ ਕਿਰਿਆ ਤੋਂ ਪਹਿਲਾਂ ਆਉਂਦੇ ਹਨ :

"ਅਸੀਂ ਘਰ ਨਹੀਂ ਗਏ', "ਤੁਸੀਂ ਇਥੇ ਨਾ ਬੈਠੋ", "ਕਰਤਾਰ ਅੱਜ ਨਹੀਂ ਜਾਏਗਾ" ਵਿਚ 'ਨਾ' ਤੇ 'ਨਹੀਂ' ਕਿਰਿਆ ਤੋਂ ਪਹਿਲਾਂ ਆਏ ਹਨ।

ਇਹ ਪੰਜਾਬੀ ਵਾਕ ਦੀ ਤਰਤੀਬ ਬਾਰੇ ਮੋਟੀ-ਮੋਟੀ ਜਾਣਕਾਰੀ ਹੈ। ਪੂਰੇ ਵੇਰਵੇ ਇਸ ਪਾਠ ਵਿਚ ਨਹੀਂ ਦਿੱਤੇ ਜਾ ਸਕਦੇ।

ਨੋਟ: ਹੇਠ-ਦਿੱਤੇ ਸਵਾਲਾਂ ਦੇ ਸੰਖੇਪ ਉੱਤਰ ਦਿਓ। ਉੱਤਰ ਖਾਲੀ ਛਡੀਆਂ ਥਾਵਾਂ ਉੱਤੇ ਦੇਣੇ ਹਨ। ਜਵਾਬ ਅਖੀਰ ਵਿਚ ਦਿੱਤੇ ਹੋਏ ਹਨ ਪਰ ਤੁਸੀਂ ਜਵਾਬ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਨਹੀ ਵੇਖਣਾ।

1 ਅਕਰਮਕ ਕਿਰਿਆ ਕਿਸ ਨੂੰ ਕਹਿੰਦੇ ਹਨ? ਉਦਾਹਰਣ ਦੇ ਕੇ ਸਮਝਾਓ।

--------------------------------------------------------------------------------

--------------------------------------------------------------------------------

2 ਪੰਜਾਬੀ ਵਾਕ ਦੀ ਤਰਤੀਬ ਬਾਰੇ ਸੰਖਿਪਤ ਜਾਣਕਾਰੀ ਕਰਵਾਓ।

--------------------------------------------------------------------------------

--------------------------------------------------------------------------------

## 3.7 ਅਖਾਣ ਤੇ ਮੁਹਾਵਰੇ

ਅਖਾਣ ਤੇ ਮੁਹਾਵਰੇ ਬੋਲੀ ਦਾ ਸ਼ਿੰਗਾਰ ਹੁੰਦੇ ਹਨ। ਇਨ੍ਹਾਂ ਦੀ ਵਰਤੋਂ ਨਾਲ ਭਾਸ਼ਾ ਰੋਚਿਕ ਬਣਦੀ ਹੈ, ਸਸ਼ਕਤ ਤੇ ਰਸਦਾਰ ਬਣਦੀ ਹੈ। ਸਭ ਤੋਂ ਵਧ ਇਹ ਕਿ ਅਖਾਣ ਤੇ ਮੁਹਾਵਰੇ ਭਾਸ਼ਾ ਵਿਚ ਸੰਜਮ ਤੇ ਸੰਕੋਚ ਲਿਆਉਂਦੇ ਹਨ। ਅਖਾਣ ਤੇ ਮਹਾਵਰਿਆਂ ਦੇ ਪੱਖ ਤੋਂ ਪੰਜਾਬੀ ਬੜੀ ਅਮੀਰ ਭਾਸ਼ਾ ਹੈ। ਸਾਡੀ ਭਾਸ਼ਾ ਵਿੱਚ ਅਖਾਣ ਤੇ ਮੁਹਾਵਰੇ ਹਜ਼ਾਰਾਂ ਦੀ ਗਿਣਤੀ ਵਿੱਚ ਮਿਲਦੇ ਹਨ। ਇੱਥੇ ਸਿਰਫ ਅਖਾਣਾਂ ਤੇ ਮੁਹਾਵਰਿਆਂ ਦੇ ਨਮੂਨੇ ਦੇ ਰਹੇ ਹਾਂ, ਇਨ੍ਹਾਂ ਦੀਆਂ ਮੁਕੰਮਲ ਸੂਚੀਆਂ ਤਾਂ ਬਹੁਤ ਲੰਮੀਆਂ ਹਨ, ਜੋ ਇਸ ਪਾਠ ਦੇ ਪਿੱਛੇ ਦਿੱਤੀਆਂ ਪੁਸਤਕਾਂ ਵਿੱਚੋਂ ਵੇਖੀਆਂ ਜਾ ਸਕਦੀਆਂ ਹਨ।

### 3.7.1 ਪੰਜਾਬੀ ਅਖਾਣ

ਸਭ ਤੋਂ ਪਹਿਲਾਂ ਇਹ ਵੇਖਣਾ ਹੈ ਕਿ ਅਖਾਣ ਹੁੰਦਾ ਕੀ ਹੈ। ਅਖਾਣ ਇਕ ਅਜਿਹਾ ਸ਼ਬਦ-ਸਮੂਹ ਹੁੰਦਾ ਹੈ ਜਿਸ ਵਿਚ ਮਨੁੱਖੀ ਤਜਰਬੇ ਦਾ ਕੋਈ ਸਾਰ ਕੋਈ ਸਚਾਈ, ਕੋਈ ਸਿਧਾਂਤ ਜਾਂ ਕੋਈ ਵਿਚਾਰ ਸੰਕੇਤਕ ਤੇ ਭਾਵਪੂਰਨ ਢੰਗ ਨਾਲ ਸੰਖਿਪਤ ਰੂਪ ਵਿਚ ਪ੍ਰਗਟਾਇਆ ਗਿਆ ਹੋਵੇ। ਅਖਾਣ ਸੂਝਵਾਨ, ਤੀਖਣ ਬੁੱਧੀ ਵਾਲੇ ਮਨੁੱਖਾਂ, ਮਹਾਪੁਰਖਾਂ ਦੇ ਮੂੰਹੋਂ ਸਹਿਜ ਸੁਭਾ ਨਿਕਲੇ ਬੋਲ ਹੁੰਦੇ ਹਨ। ਕਈ ਅਖਾਣ ਇਕ ਕਾਵਿ-ਪੰਕਤੀ ਦੇ ਰੂਪ ਵਿਚ ਹੁੰਦੇ ਤੇ ਇਨ੍ਹਾਂ ਦਾ ਤੁਕਾਂਤ ਮਿਲਦਾ ਹੁੰਦਾ ਹੈ। ਜਿਵੇਂ 'ਕੋਠਾ ਉੱਸਰਿਆ, ਤਖਾਣ ਵਿਸਰਿਆ', ਜਾਂ 'ਆਪਣਾ ਨੀਂਗਰ, ਪਰਾਇਆ ਢੀਂਗਰ'। ਪਰ ਵਧੇਰੇ ਅਖਾਣ ਤੁਕਾਂਤ ਤੋਂ ਬਿਨਾਂ ਹੁੰਦੇ ਹਨ। ਅਖਾਣ ਇਕ ਵਾਕਾਂਸ਼ ਦਾ ਵੀ ਹੋ ਸਕਦਾ ਹੈ, ਜਿਵੇਂ : 'ਖੇਤੀ ਖਸਮਾਂ ਸੇਤੀ', 'ਊਠ ਦੇ ਗਲ ਟੱਲੀ'। ਪਰ ਵਧੇਰੇ ਅਖਾਣ ਇਕ ਤੋਂ ਵਧੇਰੇ ਵਾਕੰਸ਼ਾਂ ਜਾਂ ਉਪਵਾਕਾਂ ਵਾਲੇ ਹੁੰਦੇ ਹਨ। 'ਆਪ ਕੁਚੱਜੀ, ਵਿਹੜੇ ਨੂੰ ਦੋਸ਼' ਦੋ ਵਾਕੰਸ਼ਾਂ ਵਾਲਾ ਅਖਾਣ ਹੈ। 'ਜਿਹੜੇ ਗੱਜਦੇ ਨੇਂ ਉਹ ਵਰ੍ਹਦੇ ਨਹੀਂ' ਵਿਚ ਦੋ ਉਪਵਾਕ ਆਏ ਹਨ।

ਅਖਾਣ ਦੀ ਵਰਤੋਂ ਕਰਦਿਆਂ ਇਸ ਦਾ ਉਹ ਰੂਪ ਕਾਇਮ ਰੱਖਿਆ ਜਾਂਦਾ ਹੈ, ਜਿਹੜਾ ਇਹ ਆਮ ਲੋਕ ਬੋਲਦੇ ਹਨ, ਅਰਥਾਤ ਲਿੰਗ, ਵਚਨ, ਕਾਲ, ਆਦਿ ਦੇ ਆਧਾਰ ਉੱਤੇ ਅਖਾਣ ਦਾ ਰੂਪ ਨਹੀਂ ਬਦਲਿਆ ਜਾ ਸਕਦਾ। ਇੱਕ ਹੋਰ ਗੱਲ ਯਾਦ ਰੱਖਣ ਵਾਲੀ ਹੈ ਕਿ ਅਖਾਣ ਦੀ ਵਰਤੋਂ ਸਿਰਫ ਇਕ ਵਾਕ ਵਿਚ ਕਰਨੀ ਕੁੱਝ ਔਖੀ ਹੁੰਦੀ ਹੈ, ਅਖਾਣ ਵਰਤਣ ਲਈ ਇੱਕ ਤੋਂ ਵਧੇਰੇ ਵਾਕ ਬਣਾਉਣੇ ਪੈਂਦੇ ਹਨ।

ਅੱਗੇ ਪੰਜਾਬੀ ਅਖਾਣਾਂ ਦੇ ਸਿਰਫ਼ ਕੁੱਝ ਨਮੂਨੇ ਦਿੱਤੇ ਗਏ ਹਨ।

'ਉੱਖਲੀ ਵਿਚ ਸਿਰ ਦਿੱਤਾ, ਤਾਂ ਮੋਹਲਿਆਂ ਦਾ ਕੀ ਡਰ।'

ਇਹ ਦੱਸਣ ਲਈ ਬੋਲਿਆ ਜਾਂਦਾ ਹੈ ਕਿ ਜੇ ਕੋਈ ਕਠਨ ਜ਼ੁੰਮੇਵਾਰੀ ਲੈ ਹੀ ਲਈ ਹੈ, ਜਾਂ ਕਿਸੇ ਖ਼ਤਰਨਾਕ ਰਸਤੇ ਨੂੰ ਅਪਣਾ ਹੀ ਲਿਆ ਹੈ ਤਾਂ ਪੇਸ਼ ਆਉਣ ਵਾਲੀਆਂ ਔਕੜਾਂ ਤੋਂ ਘਬਰਾਉਣਾ ਨਹੀਂ ਚਾਹੀਦਾ।

'ਅੰਨ੍ਹੇ ਅੱਗੇ ਰੋਣਾ, ਅੱਖੀਆਂ ਦਾ ਖੋ'

ਇਹ ਅਖਾਣ ਓਦੋਂ ਬੋਲਿਆ ਜਾਂਦਾ ਹੈ ਜਦ ਕੋਈ ਵਿਅਕਤੀ ਕਿਸੇ ਦੂਜੇ ਦੀ ਦੁੱਖ ਭਰੀ ਵਿਥਿਆ ਸੁਣ ਤੇ ਜ਼ਰਾ ਨਾ ਪਸੀਜੇ; ਅਥਵਾ ਉਸ ਦੀ ਸਹਾਇਤਾ ਲਈ ਕੁੱਝ ਨਾ ਕਰੇ।

'ਆਪ ਮੋਏ, ਜੱਗ ਪਰਲੋ'

ਇਹ ਦੱਸਣ ਲਈ ਵਰਤਿਆ ਜਾਂਦਾ ਹੈ ਕਿ ਆਪਣੀ ਮੌਤ ਪਿਛੋਂ ਪਿਛਲਿਆਂ ਨੂੰ ਮਿਲਨ ਵਾਲੇ ਸੁੱਖਾਂ ਦਾ ਸਾਨੂੰ ਕੀ ਲਾਭ।

'ਇੱਕ ਚੁੱਪ ਤੇ ਸੌ ਸੁਖ'

ਇਸ ਅਖਾਣ ਰਾਹੀਂ ਇਹ ਸਮਝਾਇਆ ਜਾਂਦਾ ਹੈ ਕਿ ਝਗੜੇ, ਝਾਂਝੇ ਵਾਲੇ ਮੁਆਮਲੇ ਵਿਚ ਚੁੱਪ ਰਹਿਣਾ ਹੀ

ਮੁਨਾਸਬ ਹੈ। ਅਥਵਾ ਇਹ ਦੱਸਿਆ ਜਾਂਦਾ ਹੈ ਕਿ ਲੋੜ ਤੋਂ ਵੱਧ ਬੋਲਣਾ ਚੰਗੀ ਆਦਤ ਨਹੀਂ, ਚੁੱਪ ਰਹਿਣਵਾਲਾ ਬੰਦਾ ਅਣਸੁਖਾਂਵੀ ਸਥਿਤੀ ਤੋਂ ਬਚਿਆ ਰਹਿੰਦਾ ਹੈ।

'ਸਾਈਆਂ ਕਿਤੇ, ਵਧਾਈਆਂ ਕਿਤੇ'

ਇਹ ਅਖਾਣ ਉਦੋਂ ਬੋਲਿਆ ਜਾਂਦਾ ਹੈ, ਜਦੋਂ ਕੋਈ ਵਿਅਕਤੀ ਲਾਰੇ ਕਿਸੇ ਹੋਰ ਨੂੰ ਲਾਉਂਦਾ ਰਹੇ, ਅਤੇ ਕੰਮ ਕਿਸੇ ਹੋਰ ਦਾ ਸਵਾਰੇ।

'ਸੱਦੀ ਨਾ ਬੁਲਾਈ, ਮੈਂ ਲਾੜੇ ਦੀ ਤਾਈ'

ਜਦੋਂ ਕੋਈ ਵਿਅਕਤੀ ਬਿਨਾ ਸੱਦਿਆਂ, ਬੁਲਾਇਆਂ ਕਿਸੇ ਦੇ ਕੰਮ ਵਿਚ ਖ਼ਾਹ ਮੁਖ਼ਾਹ ਦਖਲ ਦੇਵੇ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

'ਹਾਥੀ ਲੰਘ ਗਿਆ, ਪੂਛ ਰਹਿ ਗਈ'

ਭਾਵ ਇਹ ਕਿ ਬਹੁਤਾ ਕੰਮ ਮੁੱਕ ਗਿਆ ਹੈ, ਹੁਣ ਤਾਂ ਸਿਰਫ਼ ਮਾਮੂਲੀ ਕਸਰ ਬਾਕੀ ਹੈ।

'ਕੰਧਾਂ ਦੇ ਵੀ ਕੰਨ ਹੁੰਦੇ ਨੇ'

ਇਹ ਸਮਝਾਉਣ ਲਈ ਬੋਲਿਆ ਜਾਂਦਾ ਹੈ ਕਿ ਭੇਦ ਵਾਲੀ ਗਲ ਕਿਸੇ ਨਾਲ ਕਰਨ ਲੱਗਿਆਂ ਵੱਧ-ਤੋਂ-ਵੱਧ ਸਾਵਧਾਨੀ ਵਰਤੋ।

'ਗੋਲੀ ਕੀਹਦੀ ਤੇ ਗਹਿਣੇ ਕੀਹਦੇ'

ਇਹ ਦਸਣ ਲਈ ਬੋਲਿਆ ਜਾਂਦਾ ਹੈ ਕਿ ਅਸੀ ਆਪ ਤੇ ਸਾਡਾ ਸਭ ਕੁਝ ਤੁਹਾਡੀ ਸੇਵਾ ਲਈ ਹਾਜ਼ਰ ਹੈ।

'ਘਰ ਦਾ ਜੋਗੀ ਜੋਗੜਾ, ਬਾਹਰ ਦਾ ਜੋਗੀ ਸਿੱਧ'

ਇਹ ਦਰਸਾਉਣ ਲਈ ਬੋਲਿਆ ਜਾਂਦਾ ਹੈ ਕਿ ਆਮ ਲੋਕ ਆਪਣੇ ਘਰ ਦੇ ਸਿਆਣੇ ਬੰਦੇ ਨੂੰ ਵੀ ਸਧਾਰਣ ਹੀ ਸਮਝਦੇ ਹਨ, ਅਤੇ ਕਿਸੇ ਓਪਰੇ ਨੂੰ ਵਧੇਰੇ ਮਹੱਤਵ ਦਿੰਦੇ ਹਨ।

'ਧੇਲੇ ਦੀ ਬੁੱਢੀ, ਟਕਾ ਸਿਰ ਮੁਨਾਈ

ਇਹ ਅਖਾਣ ਓਦੋਂ ਵਰਤਿਆ ਜਾਂਦਾ ਹੈ, ਜਦੋਂ ਕਿਸੇ ਨਿਕੰਮੀ ਜਿਹੀ ਚੀਜ਼ ਨੂੰ ਸ਼ਿੰਗਾਰਦਿਆਂ, ਸੰਵਾਰਦਿਆਂ ਬੇਲੋੜਾ ਤੇ ਬਹੁਤਾ ਖ਼ਰਚ ਕੀਤਾ ਜਾਵੇ।

'ਨਾਲੇ ਚੋਪੜੀਆਂ, ਨਾਲੇ ਦੋ-ਦੋ'

ਉਦੋਂ ਬੋਲਿਆ ਜਾਂਦਾ ਹੈ, ਜਦੋਂ ਕੋਈ ਹਰ ਪਾਸਿਓਂ ਫ਼ਾਇਦਾ ਉਠਾਣਾ ਚਾਹੇ ਜਾਂ ਨਾਜਾਇਜ਼ ਮੰਗਾਂ ਪੇਸ਼ ਕਰੇ।

'ਪਿੰਡ ਬੱਝਾ ਨਹੀਂ, ਉੱਚਕੇ ਅੱਗੇ ਹੀ ਤਿਆਰ'

ਉਦੋਂ ਬੋਲਿਆ ਜਾਂਦਾ ਹੈ, ਜਦੋਂ ਕੋਈ ਕੰਮ ਅਰੰਭ ਕਰਨ ਤੋਂ ਪਹਿਲਾਂ ਹੀ ਉਸ ਤੋਂ ਨਾਜਾਇਜ਼ ਫ਼ਾਇਦਾ ਉਠਾਉਣ ਵਾਲੇ ਆਪਣੇ ਮਨਸੂਬੇ ਬਣਾ ਰਹੇ ਹੋਣ।

'ਪੇਟ ਨਾ ਪਈਆਂ ਰੋਟੀਆਂ ਤੇ ਸਭੇ ਗੱਲਾਂ ਖੋਟੀਆਂ'

ਅਰਥਾਤ ਭੁੱਖਾ ਬੰਦਾ ਕੁੱਝ ਕਰਨ ਜੋਗਾ ਨਹੀਂ ਹੁੰਦਾ; ਜਾਂ ਜਿਸ ਵਿਅਕਤੀ ਨੂੰ ਰੱਜ ਕੇ ਖਾਣ ਨੂੰ ਨਾ ਮਿਲੇ ਉਸ ਨੂੰ ਕੁੱਝ ਵੀ ਚੰਗਾ ਨਹੀਂ ਲੱਗਦਾ।

'ਭੁੱਖੇ ਦੀ ਧੀ ਰੱਜੀ ਤੇ ਖੇਹ ਉਡਾਉਣ ਲੱਗੀ'

ਜਦੋਂ ਕੋਈ ਬੰਦਾ ਗ਼ਰੀਬੀ ਦੀ ਹਾਲਤ ਵਿਚੋਂ ਨਿਕਲ ਕੇ ਅਮੀਰ ਹੋ ਜਾਵੇ ਅਤੇ ਆਪਣੀ ਅਮੀਰੀ ਦੀ ਆਕੜ ਵਿਚ ਕੁਚੱਜੇ ਤੇ ਘਟੀਆ ਕੰਮ ਕਰਨ ਲਗ ਪਵੇ, ਉਦੋਂ ਇਹ ਅਖਾਣ ਵਰਤਿਆ ਜਾਂਦਾ ਹੈ।

'ਭਜੀਆਂ ਬਾਹੀ ਗਲ ਨੂੰ ਆਉਂਦੀਆਂ ਨੇ'

ਭਾਵ ਇਹ ਕਿ ਆਪਣੇ ਭਰਾ-ਭਾਈ, ਸਕੇ-ਸੋਧਰੇ ਭਾਵੇਂ ਗੁੱਸੇ-ਰਾਜ਼ੀ ਵੀ ਹੋਣ, ਫੇਰ ਵੀ ਭੀੜ ਪਈ ਉਤੇ ਉਹੋ ਹੀ ਬਹੁੜਦੇ ਹਨ।

'ਭਠ ਪਿਆ ਸੋਨਾ, ਜਿਹੜਾ ਕੰਨ ਪਾੜੇ'

ਅਰਥਾਤ ਉਹ ਸ਼ਿੰਗਾਰ, ਜਾਂ ਉਹ ਧਨ-ਮਾਲ ਜਾਂ ਵਸਤਵਲੇਵਾ ਫ਼ਜ਼ੂਲ ਹੈ ਜਿਹੜਾ ਦੁੱਖ ਜਾਂ ਕਸ਼ਟ ਦੇਵੇ।

'ਮਾਂ ਨਾਲੋਂ ਹੇਜਲੀ, ਸੋ ਫਫੇ ਕੁੱਟਣੀ'

ਬੱਚੇ ਨੂੰ ਮਾਂ ਨਾਲੋਂ ਵਧੇਰੇ ਕੋਈ ਹੋਰ ਤੀਵੀਂ ਪਿਆਰ ਨਹੀਂ ਕਰ ਸਕਦੀ, ਅਥਵਾ ਜੇ ਕੋਈ ਔਰਤ ਕਿਸੇ ਦੂਜੇ ਦੇ ਬੱਚੇ ਨੂੰ ਬਹੁਤ ਜ਼ਿਆਦਾ ਪਿਆਰ ਦਾ ਵਿਖਾਵਾ ਕਰੇ ਤਾਂ ਉਹ ਜ਼ਰੂਰ ਕੋਈ ਦਲਾਲਣ ਹੋਵੇਗੀ।

'ਰੱਸੀ ਸੜ ਗਈ ਪਰ ਵਲ ਨਾ ਗਿਆ'

ਉਸ ਵਿਅਕਤੀ ਲਈ ਬੋਲਿਆ ਜਾਂਦਾ ਹੈ ਜੋ ਮੁਸੀਬਤਾਂ ਸਹਾਰ ਕੇ ਤਬਾਹ ਹੋ ਕੇ ਵੀ ਹੈਂਕੜ ਜਾਂ ਹੇਰਾ-ਫੇਰੀਆਂ ਨਾ ਛੱਡੇ।

'ਲਿਖੇ ਮੂਸਾ, ਪੜ੍ਹੇ ਖ਼ੁਦਾ'

ਅਜਿਹੀ ਭੱਦੀ ਤੇ ਕੋਝੀ ਲਿਖਤ ਲਈ ਬੋਲਿਆ ਜਾਂਦਾ ਹੈ, ਜੋ ਪੜ੍ਹੀ ਨਾ ਜਾ ਸਕੇ।

'ਵੇਲੇ ਦੀ ਨਮਾਜ਼, ਕੁਵੇਲੇ ਦੀਆਂ ਟੱਕਰਾਂ,

ਅਰਥਾਤ ਕੰਮ ਉਹੋ ਸੋਂਹਦਾ ਹੈ ਜੋ ਸਮੇਂ ਸਿਰ ਕੀਤਾ ਜਾਵੇ, ਵੇਲਾ ਲੰਘਾ ਕੇ ਕੀਤਾ ਗਿਆ ਕੰਮ ਐਵੇਂ ਸਿਰ-ਖਪਾਈ ਹੀ ਹੁੰਦੀ ਹੈ।

### 3.7.2 ਪੰਜਾਬੀ ਮੁਹਾਵਰੇ

ਮੁਹਾਵਰਾ ਅਜਿਹੇ ਸ਼ਬਦ-ਸਮੂਹ ਨੂੰ ਕਹਿੰਦੇ ਹਨ ਜਿਸ ਦੇ ਅਰਥ ਵਾਸਤਵਿਕ, ਸਧਾਰਨ ਜਾਪਦੇ ਅਰਥਾਂ ਨਾਲੋਂ ਵੱਖਰੇ ਹੋਣ, ਅਥਵਾ ਸੰਕੇਤਕ ਅਰਥ ਹੋਣ। ਜਿਵੇਂ, 'ਸਿਰ ਖਾਣਾ' ਦਾ ਸੰਕੇਤਕ ਅਰਥ ਹੈ, ਫ਼ਜ਼ੂਲ ਗੱਲਾਂ ਕਰੀ ਜਾਣਾ; ਜ਼ਿੱਦ ਕਰਨਾ, ਤੰਗ ਕਰਨਾ। 'ਢਿਡ ਵਿਚ ਚੂਹੇ ਨੱਚਣੇ' ਦਾ ਭਾਵ ਹੈ ਬਹੁਤ ਭੁੱਖ ਲੱਗੀ ਹੋਣੀ। ਮੁਹਾਵਰੇ ਦੇ ਅੰਤ ਵਿਚ ਹਮੇਸ਼ਾ ਭਾਵਵਾਚੀ ਕਿਰਿਆ (ਅਮਿਤ ਕਿਰਿਆ) ਹੁੰਦੀ ਹੈ—ਜਾਣਾ, ਕਰਨਾ, ਖਾਣਾ, ਨੱਚਣਾ, ਲੱਗਣੀ ਆਦਿ।

ਵਾਕਾਂ ਵਿਚ ਵਰਤੋਂ ਕਰਦਿਆਂ ਮੁਹਾਵਰੇ ਦਾ ਰੂਪ ਲਿੰਗ, ਵਚਨ, ਕਾਲ, ਆਦਿ ਅਨੁਸਾਰ ਬਦਲਿਆ ਜਾਂਦਾ ਹੈ। ਜਿਵੇਂ 'ਸਿਰ ਖਾਣਾ' ਦੀ ਵਰਤੋਂ ਇੰਞ ਹੋ ਸਕਦੀ ਹੈ: 'ਮੈਂ ਤੇਰੀ ਗੱਲ ਸੁਣ ਲਈ ਹੈ, ਹੁਣ ਐਵੇਂ ਮੇਰਾ ਸਿਰ ਨਾ ਖਾ'। ਜਾਂ 'ਉਹ ਬੇਮਤਲਬ ਗੱਪਾਂ ਮਾਰ ਕੇ ਬੜਾ ਚਿਰ ਸਿਰ ਖਾਂਦਾ ਰਿਹਾ'।

ਪੰਜਾਬੀ ਭਾਸ਼ਾ ਕੋਲ ਮੁਹਾਵਰਿਆਂ ਦਾ ਅਮਿਤ ਭੰਡਾਰ ਹੈ। ਹੇਠਾਂ ਸਿਰਫ਼ ਨਮੂਨੇ ਵਜੋਂ ਥੋੜੇ ਜਿਹੇ ਮੁਹਾਵਰੇ ਦਿੱਤੇ ਗਏ ਹਨ, ਅਤੇ ਉਨ੍ਹਾਂ ਦੇ ਸੰਕੇਤਕ ਅਰਥ ਦਸ ਕੇ ਨਾਲ ਉਨ੍ਹਾਂ ਦੀ ਵਾਕਾਂ ਵਿਚ ਵਰਤੋਂ ਵੀ ਕੀਤੀ ਗਈ ਹੈ।

**'ਅਸਮਾਨ ਦੇ ਤਾਰੇ ਤੋੜਨਾ '** ਭਾਵ, ਬੜੀ ਚਤੁਰਾਈ ਵਿਖਾਉਣੀ; ਬੜੀਆਂ ਡੀਂਗਾਂ ਮਾਰਨੀਆਂ। ਜਿਵੇਂ : ਗੱਲਾਂ ਵਿਚ ਸਤਿੰਦਰ ਅਸਮਾਨ ਦੇ ਤਾਰੇ ਤੋੜਦਾ ਹੈ, ਪਰ ਹੱਥੀ ਕੁੱਝ ਵੀ ਕਰਨ ਜੋਗਾ ਨਹੀਂ।

**'ਅੱਖ ਉੱਚੀ ਨਾ ਕਰ ਸਕਣਾ'** ਕਿਸੇ ਖੁਨਾਮੀ ਜਾਂ ਮੰਦੀ ਕਰਤੂਤ ਕਰਕੇ ਸ਼ਰਮ ਦੇ ਮਾਰੇ ਸਿਰ ਨਾ ਚੁਕ ਸਕਣਾ। ਜਿਵੇਂ : ਮੇਰੇ ਸਾਹਵੇਂ ਉਹ ਅੱਖ ਉੱਚੀ ਨਹੀਂ ਕਰ ਸਕਦਾ; ਮੈਂ ਉਹਦੀਆਂ ਸਾਰੀਆਂ ਕਰਤੂਤਾਂ ਤੋਂ ਜਾਣੂ ਹਾਂ।

**'ਇਕ ਮੁੱਠ ਹੋ ਜਾਣਾ'** ਏਕਾ ਕਰ ਲੈਣਾ; ਇਤਫ਼ਾਕ ਬਣਾ ਲੈਣਾ। ਜਿਵੇਂ, 'ਆਪਸੀ ਮਤ-ਭੇਦ ਭੁਲਾ ਕੇ ਇਕ-ਮੁੱਠ ਹੋ ਜਾਓ।'

**'ਇੱਕੋ ਡੰਗੇ ਪਿੰਡ ਮੰਗਣਾ'** ਇੱਕੋ ਜਤਨ ਨਾਲ ਬਹੁਤ ਵੱਡਾ ਕੰਮ ਮੁਕਾਉਣ ਦਾ ਜਤਨ ਕਰਨਾ; ਇੱਕੋ ਵਾਰੀ ਸਭ ਕੁੱਝ ਕਰ ਲੈਣ ਦੀ ਕਾਹਲ ਕਰਨੀ। ਜਿਵੇਂ : 'ਇਸ ਕੰਮ ਨੂੰ ਕਾਫ਼ੀ ਸਮਾਂ ਲੱਗੇਗਾ, ਇੱਕੋ ਡੰਗੇ ਪਿੰਡ ਮੰਗਣ ਦੀ ਕੋਸ਼ਿਸ਼ ਨਾ ਕਰੋ।'

**'ਸੱਤੀ ਕੱਪੜੀ ਅੱਗ ਲੱਗਣੀ'** ਗੁੱਸੇ ਵਿਚ ਸੜ ਉੱਠਣਾ। ਜਿਵੇਂ: ਆਪਣੇ ਸਕੇ ਭਰਾ ਵਲੋਂ ਇੰਞ ਧ੍ਰੋਹ ਕਮਾਉਣ ਤੇ ਕਮਲਜੀਤ ਦੇ ਸੱਤੀ ਕੱਪੜੀ ਅੱਗ ਲੱਗ ਗਈ।

**'ਸੋਹਲੇ ਗਾਉਣਾ'** ਬਹੁਤ ਜ਼ਿਆਦਾ ਪ੍ਰਸ਼ੰਸਾ ਕਰਨੀ; ਹਰ ਵੇਲੇ ਕਿਸੇ ਦੀ ਸਿਫ਼ਤ ਕਰਦੇ ਰਹਿਣਾ। ਜਿਵੇਂ : ਤੁਸੀਂ ਹਰ ਵੇਲੇ ਸਤੀਸ਼ ਦੇ ਸੋਹਲੇ ਗਾਉਂਦੇ ਰਹਿੰਦੇ ਸਾਉ, ਪਰ ਭੀੜ ਬਣੀ ਤੇ ਉਸ ਨੇ ਤੁਹਾਡੀ ਕੋਈ ਮਦਦ ਨਾ ਕੀਤੀ।

**'ਸਿੰਗ ਅੜਾਉਣੇ'** ਕਿਸੇ ਨਾਲ ਝਗੜਾ ਕਰਨਾ; ਲੜਾਈ ਸਹੇੜਨਾ। ਜਿਵੇਂ : 'ਐਵੇਂ ਉਸ ਗੁੰਡੇ ਨਾਲ ਸਿੰਗ ਨਾ ਅੜਾ, ਤੂੰ ਉਹਦੇ ਵਾਰੇ ਨਹੀਂ ਆ ਸਕਦਾ।'

**'ਹੱਥ ਪੈਰ ਮਾਰਨੇ'** ਜਤਨ ਕਰਨਾ; ਕੋਸ਼ਿਸ਼ ਕਰਨੀ। ਜਿਵੇਂ : ਅਸਾਂ ਬਥੇਰੇ ਹੱਥ ਪੈਰ ਮਾਰੇ, ਪਰ ਮੁਕਦਮੇ ਵਿਚ ਉਸਦੀ ਕੋਈ ਮਦਦ ਨ ਕਰ ਸਕੇ।

**'ਕੱਖ ਭੰਨ ਕੇ ਦੂਹਰਾ ਨਾ ਕਰਨਾ'** ਬਿਲਕੁਲ ਨਿਕੰਮੇ ਬੈਠੇ ਰਹਿਣਾ; ਕੁਝ ਨਾ ਕਰਨਾ। ਜਿਵੇਂ: ਅਜਿਹੇ ਬੰਦੇ ਨੂੰ ਕੌਣ ਨੌਕਰ ਰੱਖੇਗਾ, ਇਹ ਤਾਂ ਨਿਰਾ ਖਾਣ, ਪੀਣ ਜਾਣਦਾ ਹੈ, ਉਂਞ ਕੱਖ ਭੰਨ ਕੇ ਦੂਹਰਾ ਨਹੀ ਕਰਦਾ।

**'ਗੁੱਡੀ ਚੜ੍ਹਨੀ'** ਬਹੁਤ ਬਹੁਤ ਸਫਲਤਾ ਮਿਲਨੀ; ਤੇਜ, ਪ੍ਰਤਾਪ ਵਧਣਾ। ਜਿਵੇਂ : ਅੱਜ ਕੱਲ੍ਹ ਕਿਸ਼ਨੇ ਦੀ ਗੁੱਡੀ ਚੜ੍ਹੀ ਹੋਈ ਹੈ; ਹੁਣ ਉਹ ਕਿਸੇ ਦੀ ਪਰਵਾਹ ਨਹੀਂ ਕਰਦਾ।

**'ਗਲ ਪਿਆ ਢੋਲ ਵਜਾਉਣਾ'** ਨਾ ਚਾਹੁੰਦਿਆਂ ਹੋਇਆਂ, ਮਜਬੂਰਨ ਕੋਈ ਕੰਮ ਕਰਨਾ ਪੈਣਾ ਅਥਵਾ ਮਜਬੂਰੀ ਦੀ ਹਾਲਤ ਵਿਚ ਕੋਈ ਜ਼ੁੰਮੇਵਾਰੀ ਨਿਭਾਉਣੀ ਪੈਣੀ। ਜਿਵੇਂ : ਅਸਾਂ ਕਿਸੇ ਭੁਲੇਖੇ ਵਿਚ ਇਹ ਧੰਧਾ ਸ਼ੁਰੂ ਕਰ ਲਿਆ ਸੀ ਅਤੇ ਹੁਣ ਸਾਨੂੰ ਇਹ ਗਲ ਪਿਆ ਢੋਲ ਵਜਾਉਣਾ ਪੈ ਰਿਹਾ ਹੈ।

**'ਦਾਲ ਨਾ ਗਲਨੀ'** ਕਾਮਯਾਬੀ ਨਾ ਮਿਲਨੀ; ਗੱਲ ਨਾ ਬਣਨੀ। ਜਿਵੇਂ : ਟੱਕਰਾਂ ਨਾ ਮਾਰੋ, ਏਥੇ ਤੁਹਾਡੀ ਦਾਲ ਨਹੀਂ ਗਲਨੀ।

**'ਦਿਨ ਫਿਰਨੇ'** ਮੰਦੇ ਹਾਲਾਂ ਤੋਂ ਪਿੱਛੋਂ ਚੰਗੀ ਹਾਲਤ ਹੋ ਜਾਣੀ; ਗਰੀਬੀ ਤੋਂ ਪਿੱਛੋਂ ਅਮੀਰੀ ਵਾਲੇ ਦਿਨ ਆ ਜਾਣੇ; ਔਖ ਤੋਂ ਪਿੱਛੋਂ ਸੌਖ ਵਾਲਾ ਸਮਾਂ ਆਉਣਾ। ਜਿਵੇਂ : ਬੜੇ ਔਖੇ ਸਮੇਂ ਵੇਖੇ ਹਨ, ਪਰ ਪਰਮਾਤਮਾ ਦੀ ਕਿਰਪਾ ਨਾਲ ਹੁਣ ਕੁੱਝ ਦਿਨ ਫਿਰੇ ਹਨ ਤੇ ਰੱਜ ਕੇ ਰੋਟੀ ਖਾਣ ਲੱਗੇ ਹਾਂ।

**'ਨੱਕ ਵੱਢਣਾ'** ਬੁਰੀ ਤਰ੍ਹਾਂ ਬੇਇਜ਼ਤ ਕਰਨਾ। ਜਿਵੇਂ : ਧੀ ਮਾਪਿਆਂ ਦਾ ਨੱਕ-ਵੱਢ ਕੇ, ਗੁਆਂਢੀਆਂ ਦੇ ਮੁੰਡੇ ਨਾਲ ਨਿਕਲ ਗਈ।

**'ਬਾਂਹ ਫੜਨੀ'** ਮਦਦ ਕਰਨੀ; ਆਸਰਾ ਦੇਣਾ। ਜਿਵੇਂ : ਮੈਂ ਤੁਹਾਡਾ ਇਹਸਾਨ ਕਦੇ ਨਹੀ ਭੁੱਲ ਸਕਦਾ; ਤੁਸਾਂ ਔਖੇ ਵੇਲੇ ਮੇਰੀ ਬਾਂਹ ਫੜੀ ਸੀ।

**ਮਗਰੋਂ ਲਾਹੁਣਾ'** ਕਿਸੇ ਤੋਂ ਪਿੱਛਾ ਛੁਡਾਉਣਾ, ਖਹਿੜਾ ਛੁਡਾਉਣਾ। ਜਿਵੇਂ : ਸ਼ਾਮ ਲਾਲ ਅੱਜ ਫੇਰ ਦੋ ਹਜ਼ਾਰ ਰੁਪਈਏ ਮੰਗ ਰਿਹਾ ਸੀ, ਮੈਂ ਪੰਜ ਸੌ ਦੇ ਕੇ ਮਸਾਂ ਉਸ ਨੂੰ ਮਗਰੋਂ ਲਾਹਿਆ ਹੈ।

**'ਮੂੰਹ ਮੋਟਾ ਕਰਨਾ'** ਰੁੱਸ ਜਾਣਾ; ਨਾਰਾਜ਼ ਹੋ ਜਾਣਾ। ਜਿਵੇਂ : ਅਸਾਂ ਤਾਂ ਉਸ ਨੂੰ ਕੁੱਝ ਨਹੀ ਕਿਹਾ; ਪਤਾ ਨਹੀ ਉਹ ਕਿਉਂ ਮੂੰਹ ਮੋਟਾ ਕਰੀ ਫਿਰਦਾ ਹੈ?

**'ਵਾਹ ਲਾਉਣੀ'** ਜਤਨ ਕਰਨਾ, ਕੋਸ਼ਿਸ਼ ਕਰਨੀ। ਜਿਵੇਂ : ਅਸੀ ਇਹ ਕੰਮ ਸਮੇਂ ਸਿਰ ਮੁਕਾਉਣ ਲਈ ਪੂਰੀ ਵਾਹ ਲਾ ਦਿਆਂਗੇ।

**ਪੰਜਵਾਂ ਅਭਿਆਸ**

**ਨੋਟ** : ਹੇਠ-ਦਿੱਤੇ ਸਵਾਲਾਂ ਦੇ ਸੰਖੇਪ ਉੱਤਰ ਦਿਓ। ਉੱਤਰ ਖ਼ਾਲੀ ਛਡੀਆਂ ਥਾਵਾਂ ਉੱਤੇ ਦੇਣੇ ਹਨ। ਜਵਾਬ ਅਖ਼ੀਰ ਵਿਚ ਦਿੱਤੇ ਹੋਏ ਹਨ ਪਰ ਤੁਸੀਂ ਜਵਾਬ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਨਹੀਂ ਵੇਖਣਾ।

1 ਅਖਾਣ ਕਿਸ ਨੂੰ ਕਹਿੰਦੇ ਹਨ?

--------------------------------------------------------------------------------

2 ਪੰਜਾਬੀ ਦੇ ਕੋਈ ਪੰਜ ਮੁਹਾਵਰੇ ਵਾਕਾਂ ਵਿਚ ਵਰਤ ਕੇ ਵਿਖਾਓ।

--------------------------------------------------------------------------------

## 3.8 ਸਾਰ

ਵਾਕ ਸ਼ਬਦਾਂ ਦੇ ਸਮੂਹ ਹੁੰਦੇ ਹਨ ਤੇ ਸ਼ਬਦ ਵਾਕ ਵਿਚ ਨਿਸਚਿਤ ਨਿਯਮਾਂ ਅਨੁਸਾਰ ਪਰੋਏ ਜਾਂਦੇ ਹਨ। ਵਿਆਕਰਨਕਾਰ ਵਾਕਾਂ ਨੂੰ ਬਣਤਰ ਦੇ ਆਧਾਰ ਉੱਤੇ ਤੇ ਅਰਥਾਂ ਦੇ ਆਧਾਰ ਉੱਤੇ ਵੱਖ-ਵੱਖ ਸ਼੍ਰੇਣੀਆਂ ਵਿਚ ਵੰਡਦੇ ਹਨ। ਜਿਵੇਂ ਪੰਜਾਬੀ ਵਾਕ ਦੀ ਆਮ ਤਰਤੀਬ ਹੈ—ਕਰਤਾ, ਕਰਮ, ਕਿਰਿਆ, ਜਿਵੇਂ ਵਿਦਿਆਰਥੀ ਨੇ ਕਿਤਾਬ ਪੜ੍ਹੀ। ਇਸ ਦੇ ਉਲਟ ਅੰਗਰੇਜ਼ੀ ਵਾਕ ਦਾ ਕ੍ਰਮ ਹੈ। ਕਰਤਾ, ਕਿਰਿਆ ਤੇ ਕਰਮ, ਜਿਵੇਂ student read the book ਇਸੇ ਤਰ੍ਹਾਂ ਪੰਜਾਬੀ ਵਿਚ ਸਬੰਧਕ ਨਾਂਵ ਤੋਂ ਬਾਅਦ ਆਉਂਦਾ ਹੈ—ਕਿਤਾਬ ਮੇਜ਼ ਉੱਤੇ ਹੈ। ਅੰਗਰੇਜ਼ੀ ਦੇ ਸੰਬੰਧਕ ਨਾਂਵ ਤੋਂ ਪਹਿਲਾਂ ਆਉਂਦੇ ਹਨ, ਜਿਵੇਂ The book is on the table. ਹਰ ਭਾਸ਼ਾ ਵਿਚ ਅਖਾਣ ਤੇ ਮੁਹਾਵਰੇ ਵਰਤੇ ਜਾਂਦੇ ਹਨ, ਅਤੇ ਮੁਹਾਵਰਿਆਂ ਦਾ ਵਿਸ਼ਾਲ ਭੰਡਾਰ ਹੈ।

## 3.9 ਸਹਾਇਕ ਪੁਸਤਕਾਂ


1 ਹਰਕੀਰਤ ਸਿੰਘ ਤੇ ਗਿਆਨੀ ਲਾਲ ਸਿੰਘ ਗੁਜਰਾਂਵਾਲੀਆਂ, **ਕਾਲਜ ਪੰਜਾਬੀ ਵਿਆਕਰਨ** ਪੰਜਾਬ ਸਟੇਟ ਯੂਨੀਵਰਸਿਟੀ, ਟੈਕਸਟ ਬੁਕ ਬੋਰਡ, ਚੰਡੀਗੜ੍ਹ।

2 ਕਰਤਾਰ ਸਿੰਘ ਤੇ ਹੋਰ ਵਿਦਵਾਨ, **ਪੰਜਾਬੀ ਵਿਆਕਰਨ ਤੇ ਲੇਖ-ਰਚਨਾ** ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਪੰਜਾਬ)


## 3.10 ਅਭਿਆਸਾਂ ਦੇ ਉੱਤਰ

**ਪਹਿਲਾ ਅਭਿਆਸ**

1 ਵਿਆਕਰਣਿਕ ਵਿਸ਼ਲੇਸ਼ਣ ਦੇ ਪੱਖ ਤੋਂ ਭਾਸ਼ਾ ਦੀ ਸਭ ਤੋਂ ਵੱਡੀ ਸਾਰਥਕ ਇਕਾਈ ਨੂੰ ਵਾਕ ਕਹਿੰਦੇ ਹਨ।

2

| **ਉੱਦੇਸ਼** | **ਵਿਧੇਅ** |
|---|---|
| ਸਾਡੇ ਸਕੂਲ ਦੀ ਟੀਮ | ਮੈਚ ਜਿੱਤ ਗਈ |

| | |
|---|---|
| ਲੋਕ | ਘਰਾਂ ਦੀਆਂ ਛੱਤਾਂ ਉੱਤੇ ਚੜ੍ਹ ਗਏ |
| ਗ੍ਰਾਉਂਡ ਵਿਚ ਖੜੇ ਵਿਦਿਆਰਥੀ | ਮੀਂਹ ਨਾਲ ਭਿੱਜ ਗਏ |

**ਦੂਜਾ ਅਭਿਆਸ**

1 ਤੁਹਾਡੀਆਂ ਗੱਲਾਂ ਅਸਾਂ ਸੁਣ ਲਈਆਂ ਹਨ
ਹੁਣ ਸਾਡੀ ਵੀ ਸੁਣ ਲਓ
ਇਸ ਨੂੰ ਸਮਝਣ ਦੀ ਕੋਸ਼ਿਸ਼ ਕਰੋ

2 ਉਪਵਾਕ ਵਾਕ ਵਰਗੀ ਭਾਸ਼ਾਈ ਇਕਾਈ ਹੈ, ਜਿਸ ਵਿਚ ਉੱਦੇਸ਼ ਤੇ ਵਿਧੇਅ ਦੋਵੇਂ ਮੌਜੂਦ ਹੁੰਦੇ ਹਨ। ਵਾਕੰਸ਼ ਸ਼ਬਦ ਵਰਗੀ ਇਕਾਈ ਹੈ। ਇਸ ਵਿਚ ਉੱਦੇਸ਼ ਤੇ ਵਿਧੇਅ ਦੋਵੇਂ ਇਕੱਠੇ ਨਹੀਂ ਹੁੰਦੇ, ਦੁਹਾਂ ਵਿੱਚੋਂ ਕੋਈ ਇਕ ਹੀ ਹੁੰਦਾ ਹੈ।

**ਤੀਜਾ ਅਭਿਆਸ**

| | | | |
|---|---|---|---|
| 1 | ਸਾਡਾ ਸਾਰਾ ਪਰਵਾਰ... | - | ਮਿਸ਼ਰਿਤ (ਇਕਹਿਰਾ) ਵਾਕ |
| | ਅਸੀਂ ਕਾਲਜ... | - | ਮਿਸ਼ਰਿਤ ਵਾਕ |
| | ਤੁਸਾਂ ਸਾਡੀ ਗੱਲ... | - | ਸੰਜੁਗਤ ਵਾਕ |
| 2 | ਸ਼ਾਬਾਸ਼, ਤੁਸਾਂ | - | ਵਿਸਮਿਕ ਵਾਕ |
| | ਉਹ ਏਨੀ ਛੇਤੀ... | - | ਪ੍ਰਸ਼ਨਸੂਚਕ ਵਾਕ |
| | ਅਜਿਹੀ ਗ਼ਲਤੀ... | - | ਆਗਿਆਬੋਧਕ ਵਾਕ |
| | ਪਰਮਾਤਮਾ ਤੁਹਾਡੀ... | - | ਇੱਛਾਸੂਚਕ ਵਾਕ |

**ਚੌਥਾ ਅਭਿਆਸ**

1 ਜਿਹੜੀ ਕਿਰਿਆ ਨਾਲ ਕਰਮ ਦੀ ਲੋੜ ਨਹੀਂ ਹੁੰਦੀ, ਅਰਥਾਤ ਕਰਮ ਦੀ ਵਰਤੋਂ ਤੋਂ ਬਿਨਾਂ ਹੀ ਵਾਕ ਪੂਰਾ ਹੋ ਜਾਂਦਾ ਹੈ, ਉਸ ਨੂੰ ਅਕਰਮਕ ਕਿਰਿਆ ਕਹਿੰਦੇ ਹਨ :
ਘੋੜੇ ਦੌੜਦੇ ਸਨ ; ਅੰਞਾਣੇ ਰੋ ਰਹੇ ਹਨ; ਤੂੰ ਕਿਉਂ ਹੱਸਦਾ ਹੈਂ ?

ਇਨ੍ਹਾਂ ਵਾਕਾਂ ਵਿਚ ਕਰਮ ਨਹੀਂ ਆਇਆ, ਪਰ ਵਾਕ ਮੁਕੰਮਲ ਹਨ। ਇੰਵ ਕਿਰਿਆਵਾਂ ਦੌੜਨਾ, ਰੋਣਾ, ਹੱਸਣਾ, ਜੋ ਇਨ੍ਹਾਂ ਵਾਕਾਂ ਵਿਚ ਵਰਤੀਆਂ ਗਈਆਂ ਹਨ, ਅਕਰਮਕ ਕਿਰਿਆਵਾਂ ਹਨ।

2 ਪੰਜਾਬੀ ਵਾਕ ਦੀ ਮੋਟੀ ਤਰਤੀਬ ਹੈ—ਕਰਤਾ, ਕਰਮ, ਕਿਰਿਆ। ਵਿਸ਼ੇਸ਼ਣ ਉਸ ਨਾਂਵ ਤੋਂ ਪਹਿਲਾਂ ਆਉਂਦਾ ਹੈ, ਜਿਸ ਦੀ ਉਹ ਵਿਸ਼ੇਸ਼ਤਾ ਦੱਸੇ। ਇਵੇਂ ਹੀ ਕਿਰਿਆ-ਵਿਸ਼ੇਸ਼ਣ ਸੰਬੰਧਿਤ ਕਿਰਿਆ ਤੋਂ ਪਹਿਲਾਂ ਆਉਂਦਾ ਹੈ। ਕਾਲ ਬੋਧਕ ਅੰਸ਼ ਕਿਰਿਆ ਦੇ ਅੰਤ ਵਿਚ ਆਉਂਦਾ ਹੈ। ਸੰਬੰਧਕ ਨਾਵਾਂ ਤੋਂ ਪਿੱਛੋਂ ਆਉਂਦੇ ਹਨ। ਪ੍ਰਸ਼ਨ ਸੂਚਕ ਸ਼ਬਦ, ਆਮ ਤੌਰ ਉੱਤੇ, ਕਰਤਾ ਤੋਂ ਪਿੱਛੋਂ ਆਉਂਦੇ ਹਨ।

**ਪੰਜਵਾਂ ਅਭਿਆਸ**

1 ਅਖਾਣ ਅਜਿਹੇ ਸ਼ਬਦ ਸਮੂਹ ਨੂੰ ਆਖਿਆ ਜਾਂਦਾ ਹੈ ਜਿਸ ਵਿਚ ਕੋਈ ਸਚਾਈ, ਕੋਈ ਸਿੱਧਾਂਤ, ਕੋਈ ਵਿਚਾਰ ਅਥਵਾ ਮਨੁੱਖੀ ਤਜਰਬੇ ਦਾ ਸਾਰ ਸੰਕੇਤਕ ਢੰਗ ਨਾਲ ਸੰਖੇਪ ਕਰਕੇ ਬਿਆਨ ਕੀਤਾ ਗਿਆ ਹੋਵੇ। ਅਖਾਣ ਹਮੇਸ਼ਾ ਆਪਣੇ ਬਨ੍ਹਵੇਂ ਤੇ ਮੂਲ ਰੂਪ ਵਿਚ ਵਰਤੇ ਜਾਂਦੇ ਹਨ।

| | | |
|---|---|---|
| 2 | ਅੱਖ ਲੱਗਣੀ | ਪੜ੍ਹਦਿਆਂ, ਪੜ੍ਹਦਿਆਂ ਮੇਰੀ ਅੱਖ ਲੱਗ ਗਈ। |
| | ਈਦ ਦਾ ਚੰਨ ਹੋਣਾ | ਤੁਸੀਂ ਤਾਂ ਹੁਣ ਈਦ ਦਾ ਚੰਨ ਹੋ ਗਏ ਹੋ, ਮਹੀਨਿਆਂ ਬੱਧੀ ਕਦੇ ਨਜ਼ਰ ਹੀ ਨਹੀਂ ਆਉਂਦੇ। |
| | ਖੰਡ ਖੀਰ ਹੋਣਾ | ਕਦੇ ਤਾਂ ਉਹ ਦੋਵੇਂ ਇਕ ਦੂਜੇ ਨਾਲ ਗੱਲ ਨਹੀਂ ਸਨ ਕਰਦ, ਅਤੇ ਹੁਣ ਮੂਲੋਂ ਹੀ ਖੰਡ ਖੀਰ ਹੋ ਗਏ ਹਨ। |
| | ਦੰਦ ਖੱਟੇ ਕਰਨੇ | ਸਾਡੀਆਂ ਫ਼ੌਜਾਂ ਨੇ ਦੁਸ਼ਮਨ ਦੇ ਦੰਦ ਖੱਟੇ ਕਰ ਦਿੱਤੇ। |
| | ਲੋਈ ਲਾਹੁਣੀ | ਉਸ ਨੂੰ ਕੋਈ ਸ਼ਰਮ ਹਯਾ ਨਹੀਂ, ਮੂਲੋਂ ਹੀ ਲੋਈ ਲਾਹ ਦਿੱਤੀ ਹੈ। |